


ਸੱਚੀ ਅਤੇ ਨਿਰਪੱਖ ਵਿਚਾਰਧਾਰਾ

# CEE7NEWS

Daily Digital Edition




Reg No: AAG1353 | Ludhiana, Wednesday 06 May, 2026 | website: www.cee7news.com

## ਸਕੂਲਾਂ ਦੀਆਂ ਖ਼ਸਤਾਹਾਲ ਇਮਾਰਤਾਂ 'ਤੇ ਹਾਈਕੋਰਟ ਸਖ਼ਤ




ਪੰਜਾਬ ਦੇ ਸਰਕਾਰੀ ਸਕੂਲਾਂ ਦੀਆਂ ਜਰਜਰ ਅਤੇ ਅਸੁਰੱਖਿਅਤ ਇਮਾਰਤਾਂ ਵਿੱਚ ਪੜ੍ਹ ਰਹੇ ਬੱਚਿਆਂ ਦੀ ਸੁਰੱਖਿਆ ਨੂੰ ਲੈ ਕੇ ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਸਖ਼ਤ ਰੁਖ਼ ਅਖ਼ਤਿਆਰ ਕੀਤਾ ਹੈ। ਅਦਾਲਤ ਨੇ ਇੱਕ ਜਨਹਿੱਤ ਪਟੀਸ਼ਨ (PIL) 'ਤੇ ਸੁਣਵਾਈ ਕਰਦਿਆਂ ਪੰਜਾਬ ਸਰਕਾਰ ਨੂੰ 'ਨੋਟਿਸ ਆਫ਼ ਮੋਸ਼ਨ' ਜਾਰੀ ਕਰਕੇ ਜਵਾਬ ਤਲਬ ਕੀਤਾ ਹੈ। ਇਹ ਮਾਮਲਾ ਅੱਜ ਚੀਫ਼ ਜਸਟਿਸ ਅਤੇ ਜਸਟਿਸ ਯਸ਼ਵੀਰ ਸਿੰਘ ਰਾਠੌਰ ਦੇ ਬੈਂਚ ਸਾਹਮਣੇ ਪੇਸ਼ ਹੋਇਆ। ਇਹ ਪਟੀਸ਼ਨ ਹਾਈਕੋਰਟ ਦੇ ਵਕੀਲ ਨਿਖਿਲ ਥੰਮਣ ਵੱਲੋਂ ਜਨਤਕ ਹਿੱਤ ਵਿੱਚ ਦਾਇਰ ਕੀਤੀ ਗਈ ਹੈ।ਕਈ ਜ਼ਿਲ੍ਹਿਆਂ ਦੇ ਸਕੂਲਾਂ ਦੀ ਹਾਲਤ ਚਿੰਤਾਜਨਕਐਡਵੋਕੇਟ ਨਿਖਿਲ ਥੰਮਣ ਨੇ ਅਦਾਲਤ ਵਿੱਚ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਦੇ ਸਕੂਲਾਂ ਦੀਆਂ ਮਾੜੀਆਂ ਤਸਵੀਰਾਂ ਪੇਸ਼ ਕੀਤੀਆਂ। ਪਟੀਸ਼ਨ ਵਿੱਚ ਮੁੱਖ ਤੌਰ 'ਤੇ ਹੇਠ ਲਿਖੇ ਸਥਾਨਾਂ ਦਾ ਜ਼ਿਕਰ ਕੀਤਾ ਗਿਆ:ਪਟਿਆਲਾ: ਨਿਰਮਾਣ ਆਸ਼ਰਮ, ਧੀਰ ਕੀ ਮਾਜਰੀ, ਜਲਾਲਖੇੜਾ, ਰੇਲਵੇ ਕਾਲੋਨੀ, ਦੀਪ ਨਗਰ ਅਤੇ ਨਾਭਾ ਦਾ ਜੱਟਾਂ ਵਾਲਾ ਵਾਸ।ਜਲੰਧਰ: ਜਲੋਵਾਲ, ਨੰਦਨਪੁਰ ਅਤੇ ਕਿਸ਼ਨਪੁਰਾ।ਰੂਪਨਗਰ: ਪਿੰਡ ਕਾਕਰੋਂ ਅਤੇ ਮਕੌੜੀ ਖੁਰਦ।ਹੋਰ ਜ਼ਿਲ੍ਹੇ: ਫ਼ਤਹਿਗੜ੍ਹ ਸਾਹਿਬ (ਵਜ਼ੀਦਪੁਰ), ਐਸ.ਏ.ਐਸ. ਨਗਰ (ਜ਼ੀਰਕਪੁਰ ਦਾ ਬਿਸ਼ਨਗੜ੍ਹ), ਅੰਮ੍ਰਿਤਸਰ (ਸ਼ਰੀਫ਼ਪੁਰਾ), ਸ੍ਰੀ ਮੁਕਤਸਰ ਸਾਹਿਬ (ਸੰਗੂਧੌਣ), ਗੁਰਦਾਸਪੁਰ (ਸਿੰਬਲੀ), ਕਪੂਰਥਲਾ (ਮਨਸੂਰਵਾਲ ਦੇਹਾਤੀ) ਅਤੇ ਅਮਲੋਹ।

## ਤਿੰਨ ਭਾਰਤੀਆਂ ਦੇ ਜ਼ਖ਼ਮੀ ਹੋਣਾ ਗਲਤ ਹੈ ਅਤੇ ਇਸ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ



ਭਾਰਤ ਨੇ ਯੂ.ਏ.ਈ. ਦੇ ਫੁਜੈਰਾਹ ਵਿਚ ਤੇਲ ਬੰਦਰਗਾਹ 'ਤੇ ਹੋਏ ਹਮਲੇ 'ਤੇ ਆਪਣੀ ਨਾਰਾਜ਼ਗੀ ਪ੍ਰਗਟ ਕੀਤੀ ਹੈ। ਸਰਕਾਰ ਨੇ ਕਿਹਾ ਕਿ ਤਿੰਨ ਭਾਰਤੀਆਂ ਦੇ ਜ਼ਖ਼ਮੀ ਹੋਣਾ ਗਲਤ ਹੈ ਅਤੇ ਇਸ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਇਸ ਸੰਬੰਧੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀ ਟਵੀਟ ਸਾਂਝਾ ਕੀਤਾ ਹੈ ਤੇ ਕਿਹਾ ਕਿ ਯੂ.ਏ.ਈ.'ਤੇ ਹੋਏ ਹਮਲਿਆਂ ਦੀ ਸਖ਼ਤ ਨਿੰਦਾ ਕਰਦਾ ਹਾਂ।ਉਨ੍ਹਾਂ ਕਿਹਾ ਕਿ ਭਾਰਤ ਯੂ.ਏ.ਈ. ਨਾਲ ਦ੍ਰਿੜ ਏਕਤਾ ਵਿਚ ਖੜ੍ਹਾ ਹੈ ਅਤੇ ਗੱਲਬਾਤ ਅਤੇ ਕੂਟਨੀਤੀ ਰਾਹੀਂ ਸਾਰੇ ਮੁੱਦਿਆਂ ਦੇ ਸ਼ਾਂਤੀਪੂਰਨ ਹੱਲ ਲਈ ਆਪਣੇ ਸਮਰਥਨ ਨੂੰ ਦੁਹਰਾਉਂਦਾ ਹੈ। ਹੋਰਮੁਜ਼ ਜਲਡਮਰੂ ਰਾਹੀਂ ਸੁਰੱਖਿਅਤ ਅਤੇ ਨਿਰਵਿਘਨ ਨੇਵੀਗੇਸ਼ਨ ਨੂੰ ਯਕੀਨੀ ਬਣਾਉਣਾ ਸਥਾਈ ਖੇਤਰੀ ਸ਼ਾਂਤੀ, ਸਥਿਰਤਾ ਅਤੇ ਵਿਸ਼ਵਵਿਆਪੀ ਊਰਜਾ ਸੁਰੱਖਿਆ ਲਈ ਬਹੁਤ ਜ਼ਰੂਰੀ ਹੈ। ਭਾਰਤ ਨੇ ਸਾਰੀਆਂ ਧਿਰਾਂ ਨੂੰ ਹਿੰਸਾ ਤੁਰੰਤ ਬੰਦ ਕਰਨ ਅਤੇ ਨਾਗਰਿਕਾਂ ਨੂੰ ਨਿਸ਼ਾਨਾ ਬਣਾਉਣ ਤੋਂ ਗੁਰੇਜ਼ ਕਰਨ ਦਾ ਸੱਦਾ ਦਿੱਤਾ ਹੈ। ਭਾਰਤ ਨੇ ਕਿਹਾ ਕਿ ਸਥਿਤੀ ਨੂੰ ਹੱਲ ਕਰਨ ਦਾ ਸਹੀ ਤਰੀਕਾ ਗੱਲਬਾਤ ਅਤੇ ਕੂਟਨੀਤੀ ਰਾਹੀਂ ਹੈ, ਜੋ ਪੱਛਮੀ ਏਸ਼ੀਆ ਵਿਚ ਸ਼ਾਂਤੀ ਅਤੇ ਸਥਿਰਤਾ ਨੂੰ ਯਕੀਨੀ ਬਣਾਉਂਦਾ ਹੈ।ਭਾਰਤ ਨੇ ਇਹ ਵੀ ਕਿਹਾ ਕਿ ਅੰਤਰਰਾਸ਼ਟਰੀ ਕਾਨੂੰਨ ਦੇ ਤਹਿਤ, ਹੋਰਮੁਜ਼ ਜਲਡਮਰੂ ਵਿਚ ਜਹਾਜ਼ਾਂ ਦੀ ਆਵਾਜਾਈ ਬਿਨਾਂ ਕਿਸੇ ਰੁਕਾਵਟ ਦੇ ਜਾਰੀ ਰਹਿਣੀ ਚਾਹੀਦੀ ਹੈ। ਇਸ ਤੋਂ ਪਹਿਲਾਂ, ਯੂਏਈ ਨੇ ਦਾਅਵਾ ਕੀਤਾ ਸੀ ਕਿ ਹਮਲਾ ਈਰਾਨ ਤੋਂ ਹੋਇਆ ਸੀ। ਉਨ੍ਹਾਂ ਨੇ 12 ਬੈਲਿਸਟਿਕ ਮਿਜ਼ਾਈਲਾਂ, 3 ਕਰੂਜ਼ ਮਿਜ਼ਾਈਲਾਂ ਅਤੇ 4 ਡਰੋਨਾਂ ਨੂੰ ਸਫਲਤਾਪੂਰਵਕ ਰੋਕਿਆ। ਹਾਲਾਂਕਿ, ਈਰਾਨ ਨੇ ਯੂਏਈ ਦੇ ਦੋਸ਼ਾਂ ਦਾ ਜਵਾਬ ਨਹੀਂ ਦਿੱਤਾ ਹੈ। ਪ੍ਰਧਾਨ ਮੰਤਰੀ ਮੋਦੀ ਨੇ ਇਸ ਘਟਨਾ ਬਾਰੇ ਵੀ ਪੋਸਟ ਕੀਤਾ ਅਤੇ ਕਿਹਾ ਕਿ ਨਾਗਰਿਕਾਂ ਅਤੇ ਮਹੱਤਵਪੂਰਨ ਬੁਨਿਆਦੀ ਢਾਂਚੇ ਨੂੰ ਨਿਸ਼ਾਨਾ ਬਣਾਉਣਾ ਅਸਵੀਕਾਰਨਯੋਗ ਹੈ।ਭਾਰਤ ਨੇ ਯੂ.ਏ.ਈ. ਦੇ ਫੁਜੈਰਾਹ ਵਿਚ ਤੇਲ ਬੰਦਰਗਾਹ 'ਤੇ ਹੋਏ ਹਮਲੇ 'ਤੇ ਆਪਣੀ ਨਾਰਾਜ਼ਗੀ ਪ੍ਰਗਟ ਕੀਤੀ ਹੈ। ਸਰਕਾਰ ਨੇ ਕਿਹਾ ਕਿ ਤਿੰਨ ਭਾਰਤੀਆਂ ਦੇ ਜ਼ਖ਼ਮੀ ਹੋਣਾ ਗਲਤ ਹੈ ਅਤੇ ਇਸ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਇਸ ਸੰਬੰਧੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀ ਟਵੀਟ ਸਾਂਝਾ ਕੀਤਾ ਹੈ ਤੇ ਕਿਹਾ ਕਿ ਯੂ.ਏ.ਈ.'ਤੇ ਹੋਏ ਹਮਲਿਆਂ ਦੀ ਸਖ਼ਤ ਨਿੰਦਾ ਕਰਦਾ ਹਾਂ।

**Cee7News ਵਿੱਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ**
**9463661542, cee7news@gmail.com**

## Cee7news ਬਲਾਤਕਾਰ ਅਤੇ ਕਤਲ ਦੀ ਦਰਦਨਾਕ ਘਟਨਾ ਤੋਂ ਬਾਅਦ ਪੈਦਾ ਹੋਏ ਵਿਵਾਦ ਦਰਮਿਆਨ ਅਸਤੀਫਾ ਦੇਣ ਦੀ ਪੇਸ਼ਕਸ਼ ਕੀਤੀ ਸੀ

# ਮਮਤਾ ਬੈਨਰਜੀ ਦਾ ਅਸਤੀਫਾ ਦੇਣ ਤੋਂ ਇਨਕਾਰ: ਆਰ.ਜੀ. ਕਰ ਮੈਡੀਕਲ ਕਾਲਜ ਘਟਨਾ ਅਤੇ ਜੂਨੀਅਰ ਡਾਕਟਰਾਂ ਦੇ ਅੰਦੋਲਨ

ਮਮਤਾ ਬੈਨਰਜੀ ਦਾ ਅਸਤੀਫਾ ਦੇਣ ਤੋਂ ਇਨਕਾਰ: ਆਰ.ਜੀ. ਕਰ ਮੈਡੀਕਲ ਕਾਲਜ ਘਟਨਾ ਅਤੇ ਜੂਨੀਅਰ ਡਾਕਟਰਾਂ ਦੇ ਅੰਦੋਲਨ ਦਾ ਪੂਰਾ ਵੇਰਵਾ

ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਕੋਲਕਾਤਾ ਦੇ ਆਰ.ਜੀ. ਕਰ ਮੈਡੀਕਲ ਕਾਲਜ ਵਿੱਚ ਇੱਕ ਸਿਖਿਆਰਥੀ ਮਹਿਲਾ ਡਾਕਟਰ ਨਾਲ ਹੋਏ ਬਲਾਤਕਾਰ ਅਤੇ ਕਤਲ ਦੀ ਦਰਦਨਾਕ ਘਟਨਾ ਤੋਂ ਬਾਅਦ ਪੈਦਾ ਹੋਏ ਵਿਵਾਦ ਦਰਮਿਆਨ ਅਸਤੀਫਾ ਦੇਣ ਦੀ ਪੇਸ਼ਕਸ਼ ਕੀਤੀ ਸੀ, ਪਰ ਅੰਤ ਵਿੱਚ ਉਨ੍ਹਾਂ ਨੇ ਸਪੱਸ਼ਟ ਕੀਤਾ ਕਿ ਉਹ ਲੋਕਾਂ ਦੇ ਹਿੱਤ ਵਿੱਚ ਕੰਮ ਕਰਨਾ ਜਾਰੀ ਰੱਖਣਗੇ। ਇਸ ਪੂਰੇ ਘਟਨਾਕ੍ਰਮ ਨੇ ਬੰਗਾਲ ਦੀ ਰਾਜਨੀਤੀ ਅਤੇ ਸਿਹਤ ਪ੍ਰਣਾਲੀ ਵਿੱਚ ਇੱਕ ਵੱਡਾ ਭੂਚਾਲ ਲਿਆ ਦਿੱਤਾ ਹੈ।ਘਟਨਾ ਦਾ ਪਿਛੋਕੜਅਗਸਤ 2024 ਵਿੱਚ ਕੋਲਕਾਤਾ ਦੇ ਸਰਕਾਰੀ ਆਰ.ਜੀ. ਕਰ ਮੈਡੀਕਲ ਕਾਲਜ ਅਤੇ ਹਸਪਤਾਲ ਵਿੱਚ ਇੱਕ 31 ਸਾਲਾ ਮਹਿਲਾ ਪੋਸਟ ਗ੍ਰੈਜੂਏਟ ਟ੍ਰੇਨੀ ਡਾਕਟਰ ਦੀ ਲਾਸ਼ ਸੈਮੀਨਾਰ ਹਾਲ ਵਿੱਚੋਂ ਮਿਲੀ ਸੀ। ਪੋਸਟਮਾਰਟਮ ਰਿਪੋਰਟ ਵਿੱਚ ਬੇਰਹਿਮੀ ਨਾਲ ਬਲਾਤਕਾਰ ਅਤੇ ਕਤਲ ਦੀ ਪੁਸ਼ਟੀ ਹੋਈ, ਜਿਸ ਨੇ ਪੂਰੇ ਦੇਸ਼ ਨੂੰ ਹਿਲਾ ਕੇ ਰੱਖ ਦਿੱਤਾ। ਇਸ ਘਟਨਾ ਦੇ ਵਿਰੋਧ ਵਿੱਚ ਜੂਨੀਅਰ ਡਾਕਟਰਾਂ ਨੇ 'ਕੰਮ ਬੰਦ' (strike) ਹੜਤਾਲ ਸ਼ੁਰੂ ਕਰ ਦਿੱਤੀ, ਜਿਸ ਨਾਲ ਰਾਜ ਦੀਆਂ ਸਿਹਤ ਸੇਵਾਵਾਂ ਬੁਰੀ ਤਰ੍ਹਾਂ ਪ੍ਰਭਾਵਿਤ ਹੋਈਆਂ।ਮਮਤਾ ਬੈਨਰਜੀ ਦੀ ਪੇਸ਼ਕਸ਼ ਅਤੇ ਇਨਕਾਰਡਾਕਟਰਾਂ ਨਾਲ ਕਈ ਦੌਰ ਦੀਆਂ ਗੱਲਬਾਤਾਂ ਅਸਫਲ ਰਹਿਣ ਤੋਂ ਬਾਅਦ, 12 ਸਤੰਬਰ 2024 ਨੂੰ ਇੱਕ ਪ੍ਰੈਸ ਕਾਨਫਰੰਸ ਦੌਰਾਨ ਮਮਤਾ ਬੈਨਰਜੀ ਨੇ ਇੱਕ ਭਾਵੁਕ ਬਿਆਨ ਦਿੱਤਾ। ਉਨ੍ਹਾਂ ਕਿਹਾ, "ਮੈਂ ਲੋਕਾਂ ਦੇ ਹਿੱਤ ਵਿੱਚ ਅਸਤੀਫਾ ਦੇਣ ਲਈ ਤਿਆਰ ਹਾਂ। ਮੈਨੂੰ ਮੁੱਖ ਮੰਤਰੀ ਦੀ ਕੁਰਸੀ ਦਾ ਕੋਈ ਲਾਲਚ ਨਹੀਂ ਹੈ। ਮੈਂ ਚਾਹੁੰਦੀ ਹਾਂ ਕਿ ਪੀੜਤ ਨੂੰ ਇਨਸਾਫ਼ ਮਿਲੇ।" ਉਨ੍ਹਾਂ ਨੇ ਅਫਸੋਸ ਜਤਾਇਆ ਕਿ ਉਹ ਡਾਕਟਰਾਂ ਨੂੰ ਗੱਲਬਾਤ ਦੀ ਮੇਜ਼ 'ਤੇ ਲਿਆਉਣ ਵਿੱਚ ਅਸਫਲ ਰਹੀ ਕਿਉਂਕਿ ਡਾਕਟਰ ਮੀਟਿੰਗ ਦੀ ਲਾਈਵ ਸਟ੍ਰੀਮਿੰਗ ਦੀ ਮੰਗ ਕਰ ਰਹੇ ਸਨ, ਜਿਸ ਨੂੰ ਸਰਕਾਰ ਨੇ ਕਾਨੂੰਨੀ ਕਾਰਨਾਂ ਕਰਕੇ ਮਨ੍ਹਾ ਕਰ ਦਿੱਤਾ ਸੀ।ਹਾਲਾਂਕਿ, ਬਾਅਦ ਵਿੱਚ ਸਥਿਤੀ ਬਦਲ ਗਈ। ਜਦੋਂ ਵਿਰੋਧੀ ਧਿਰਾਂ (ਭਾਜਪਾ ਅਤੇ ਖੱਬੇ ਪੱਖੀ) ਨੇ ਉਨ੍ਹਾਂ ਦੇ ਅਸਤੀਫੇ ਦੀ ਮੰਗ ਤੇਜ਼ ਕੀਤੀ, ਤਾਂ ਤ੍ਰਿਣਮੂਲ ਕਾਂਗਰਸ ਅਤੇ ਮਮਤਾ ਬੈਨਰਜੀ ਨੇ ਸਪੱਸ਼ਟ ਕੀਤਾ ਕਿ ਉਹ ਅਹੁਦਾ ਨਹੀਂ ਛੱਡਣਗੇ। ਉਨ੍ਹਾਂ ਦਾ ਤਰਕ ਸੀ ਕਿ ਉਹ ਚੁਣੀ ਹੋਈ ਸਰਕਾਰ ਦੇ ਮੁਖੀ ਹਨ ਅਤੇ ਅੰਦੋਲਨ ਨੂੰ ਰਾਜਨੀਤਿਕ ਰੰਗ ਦਿੱਤਾ ਜਾ ਰਿਹਾ ਹੈ।ਡਾਕਟਰਾਂ ਦੀਆਂ ਮੰਗਾਂ ਅਤੇ ਸਰਕਾਰ ਦਾ ਰਵੱਈਆ



ਪ੍ਰਦਰਸ਼ਨਕਾਰੀ ਜੂਨੀਅਰ ਡਾਕਟਰਾਂ ਦੀਆਂ ਮੁੱਖ ਮੰਗਾਂ ਵਿੱਚ ਕੋਲਕਾਤਾ ਪੁਲਿਸ ਕਮਿਸ਼ਨਰ ਵਿਨੀਤ ਗੋਇਲ ਨੂੰ ਹਟਾਉਣਾ, ਸਿਹਤ ਵਿਭਾਗ ਦੇ ਉੱਚ ਅਧਿਕਾਰੀਆਂ ਦਾ ਤਬਾਦਲਾ ਅਤੇ ਹਸਪਤਾਲਾਂ ਵਿੱਚ ਸੁਰੱਖਿਆ ਦੇ ਪੁਖਤਾ ਇੰਤਜ਼ਾਮ ਸ਼ਾਮਲ ਸਨ। ਕਈ ਦਿਨਾਂ ਦੇ ਡੈੱਡਲਾਕ ਤੋਂ ਬਾਅਦ, ਮਮਤਾ ਬੈਨਰਜੀ ਖੁਦ ਡਾਕਟਰਾਂ ਦੇ ਧਰਨੇ ਵਾਲੀ ਥਾਂ 'ਤੇ ਪਹੁੰਚੀ ਅਤੇ ਉਨ੍ਹਾਂ ਨੂੰ 'ਦੀਦੀ' ਵਜੋਂ ਸੰਬੋਧਨ ਕਰਦਿਆਂ ਕੰਮ 'ਤੇ ਪਰਤਣ ਦੀ ਅਪੀਲ ਕੀਤੀ।ਅੰਤ ਵਿੱਚ, 16 ਸਤੰਬਰ ਨੂੰ ਹੋਈ ਇੱਕ ਮਹੱਤਵਪੂਰਨ ਮੀਟਿੰਗ ਵਿੱਚ, ਸਰਕਾਰ ਨੇ ਡਾਕਟਰਾਂ ਦੀਆਂ ਜ਼ਿਆਦਾਤਰ ਮੰਗਾਂ ਮੰਨ ਲਈਆਂ। ਕੋਲਕਾਤਾ ਪੁਲਿਸ ਕਮਿਸ਼ਨਰ ਅਤੇ ਸਿਹਤ ਵਿਭਾਗ ਦੇ ਦੋ ਸੀਨੀਅਰ ਅਧਿਕਾਰੀਆਂ ਨੂੰ ਹਟਾਉਣ ਦਾ ਫੈਸਲਾ ਕੀਤਾ ਗਿਆ। ਇਸ ਨੂੰ ਜੂਨੀਅਰ ਡਾਕਟਰਾਂ ਦੀ ਨੈਤਿਕ ਜਿੱਤ ਵਜੋਂ ਦੇਖਿਆ ਗਿਆ।ਸਿਆਸੀ ਟਕਰਾਅ ਇਸ ਪੂਰੇ ਮਾਮਲੇ ਦੌਰਾਨ ਪੱਛਮੀ ਬੰਗਾਲ ਵਿੱਚ ਸਿਆਸੀ ਮਾਹੌਲ ਬਹੁਤ ਗਰਮ ਰਿਹਾ। ਭਾਜਪਾ ਨੇ ਮਮਤਾ ਬੈਨਰਜੀ 'ਤੇ ਦੋਸ਼ ਲਾਇਆ ਕਿ ਉਹ ਸਬੂਤਾਂ ਨਾਲ ਛੇੜਛਾੜ ਕਰ ਰਹੀ ਹੈ ਅਤੇ ਦੋਸ਼ੀਆਂ ਨੂੰ ਬਚਾਉਣ ਦੀ ਕੋਸ਼ਿਸ਼ ਕਰ ਰਹੀ ਹੈ।

## Cee7News ਇਸ ਰਿਪੋਰਟ ਦੇ ਆਧਾਰ 'ਤੇ ਮੁੱਖ ਮੰਤਰੀ ਭਗਵੰਤ ਮਾਨ ਦੇ ਬਿਆਨ ਅਤੇ ਮੌਜੂਦਾ ਸਿਆਸੀ ਸਥਿਤੀ ਬਾਰੇ ਵਿਸਥਾਰਪੂਰਵਕ ਲੇਖ

# ਪੰਜਾਬ 'ਟਰੱਕ' ਨਹੀਂ ਜਿਸ ਨੂੰ ਕੋਈ ਵੀ ਚਲਾਉਣ ਲੱਗ ਪਵੇ: ਮੁੱਖ ਮੰਤਰੀ ਭਗਵੰਤ ਮਾਨ

ਪੰਜਾਬ ਦੀ ਸਿਆਸਤ ਵਿੱਚ ਇਸ ਵੇਲੇ ਵੱਡਾ ਭੂਚਾਲ ਆਇਆ ਹੋਇਆ ਹੈ। ਆਮ ਆਦਮੀ ਪਾਰਟੀ (ਆਪ) ਦੇ 7 ਰਾਜ ਸਭਾ ਮੈਂਬਰਾਂ ਵੱਲੋਂ ਭਾਰਤੀ ਜਨਤਾ ਪਾਰਟੀ (ਭਾਜਪਾ) ਵਿੱਚ ਸ਼ਾਮਿਲ ਹੋਣ ਤੋਂ ਬਾਅਦ ਸੂਬੇ ਦੀ ਸਿਆਸਤ ਗਰਮਾ ਗਈ ਹੈ। ਇਸੇ ਸਬੰਧ ਵਿੱਚ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਨਵੀਂ ਦਿੱਲੀ ਵਿਖੇ ਰਾਸ਼ਟਰਪਤੀ ਦਰੋਪਦੀ ਮੁਰਮੂ ਨਾਲ ਮੁਲਾਕਾਤ ਕੀਤੀ। ਮੁਲਾਕਾਤ ਤੋਂ ਬਾਅਦ ਮੀਡੀਆ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਨੇ ਕੇਂਦਰ ਸਰਕਾਰ ਅਤੇ ਭਾਜਪਾ 'ਤੇ ਤਿੱਖੇ ਨਿਸ਼ਾਨੇ ਸਾਧੇ। ਮੁੱਖ ਮੰਤਰੀ ਦਾ ਬਿਆਨ ਅਤੇ 'ਟਰੱਕ' ਵਾਲੀ ਮਿਸਾਲ ਮੁੱਖ ਮੰਤਰੀ ਭਗਵੰਤ ਮਾਨ ਨੇ ਭਾਜਪਾ ਦੇ ਉਨ੍ਹਾਂ ਬਿਆਨਾਂ ਦਾ ਕਰਾਰਾ ਜਵਾਬ ਦਿੱਤਾ ਜਿਸ ਵਿੱਚ ਕਿਹਾ ਜਾ ਰਿਹਾ ਸੀ ਕਿ ਪੱਛਮੀ ਬੰਗਾਲ ਤੋਂ ਬਾਅਦ ਹੁਣ ਪੰਜਾਬ ਭਾਜਪਾ ਦਾ 'ਅਗਲਾ ਨਿਸ਼ਾਨਾ' ਹੈ। ਮਾਨ ਨੇ ਬੜੇ ਸਖ਼ਤ ਲਹਿਜੇ ਵਿੱਚ ਕਿਹਾ, "ਪੰਜਾਬ ਕੋਈ ਟਰੱਕ ਨਹੀਂ ਹੈ ਕਿ ਜਿਸ ਦੀ ਵਾਰੀ ਆਵੇਗੀ, ਉਹ ਹੀ ਇਸ ਨੂੰ ਚਲਾਉਣ ਲੱਗ ਪਵੇਗਾ।" ਉਨ੍ਹਾਂ ਕਿਹਾ ਕਿ ਪੰਜਾਬ ਇੱਕ ਅਣਖੀਲਾ ਸੂਬਾ ਹੈ ਜਿਸ ਨੇ ਹਮੇਸ਼ਾ ਦੇਸ਼ ਦੀ ਰਾਖੀ ਲਈ ਹਿੱਕ ਡਾਹੀ ਹੈ। ਪੰਜਾਬ ਦੇ ਲੋਕ ਆਪਣੀ ਕਿਸਮਤ ਦਾ ਫੈਸਲਾ ਖੁਦ ਕਰਨਾ ਜਾਣਦੇ ਹਨ ਅਤੇ ਉਹ ਕਿਸੇ ਵੀ ਬਾਹਰੀ ਸਿਆਸੀ ਹਮਲੇ ਜਾਂ 'ਅਪਰੇਸ਼ਨ ਲੋਟਸ' ਨੂੰ ਕਾਮਯਾਬ ਨਹੀਂ ਹੋਣ ਦੇਣਗੇ। ਰਾਸ਼ਟਰਪਤੀ ਨਾਲ ਮੁਲਾਕਾਤ ਅਤੇ ਸੰਵਿਧਾਨਕ ਚਿੰਤਾਵਾਂ ਭਗਵੰਤ ਮਾਨ ਨੇ ਰਾਸ਼ਟਰਪਤੀ ਨੂੰ ਮਿਲ ਕੇ ਆਮ ਆਦਮੀ ਪਾਰਟੀ ਦੇ 7 ਰਾਜ ਸਭਾ ਮੈਂਬਰਾਂ ਦੇ ਦਲ-ਬਦਲੀ ਮਾਮਲੇ ਨੂੰ 'ਲੋਕਤੰਤਰ ਦਾ ਕਤਲ' ਕਰਾਰ ਦਿੱਤਾ। ਉਨ੍ਹਾਂ ਮੰਗ ਕੀਤੀ ਕਿ ਇਨ੍ਹਾਂ ਮੈਂਬਰਾਂ ਦੀ ਮੈਂਬਰੀ ਤੁਰੰਤ ਰੱਦ ਕੀਤੀ ਜਾਣੀ ਚਾਹੀਦੀ ਹੈ ਕਿਉਂਕਿ ਉਨ੍ਹਾਂ ਨੇ ਉਸ ਜਨਤਾ ਨਾਲ ਗ਼ਦਦਾਰੀ ਕੀਤੀ ਹੈ ਜਿਨ੍ਹਾਂ ਨੇ ਉਨ੍ਹਾਂ ਨੂੰ ਪਾਰਟੀ ਦੇ ਨਾਂ 'ਤੇ ਚੁਣਿਆ ਸੀ। ਮਾਨ ਨੇ ਦੋਸ਼ ਲਾਇਆ ਕਿ ਭਾਜਪਾ ਕੇਂਦਰੀ ਏਜੰਸੀਆਂ ਜਿਵੇਂ ਕਿ ਈਡੀ (ED) ਅਤੇ ਸੀਬੀਆਈ (CBI) ਦਾ ਡਰ ਦਿਖਾ ਕੇ ਚੁਣੀਆਂ ਹੋਈਆਂ ਸਰਕਾਰਾਂ ਨੂੰ ਅਸਥਿਰ ਕਰਨ ਦੀ ਕੋਸ਼ਿਸ਼ ਕਰ ਰਹੀ ਹੈ।ਸਿਆਸੀ ਪਿਛੋਕੜ: 7 ਮੈਂਬਰਾਂ ਦਾ ਜਾਣਾ ਇਹ ਵਿਵਾਦ 24 ਅਪਰੈਲ ਨੂੰ ਸ਼ੁਰੂ ਹੋਇਆ ਜਦੋਂ 'ਆਪ' ਦੇ 10 ਵਿੱਚੋਂ 7 ਰਾਜ ਸਭਾ ਮੈਂਬਰ—ਰਾਘਵ ਚੱਢਾ, ਅਸ਼ੋਕ ਮਿੱਤਲ, ਸੰਦੀਪ ਪਾਠਕ, ਹਰਭਜਨ ਸਿੰਘ, ਰਾਜਿੰਦਰ ਗੁਪਤਾ, ਵਿਕਰਮਜੀਤ ਸਾਹਨੀ ਅਤੇ ਸਵਾਤੀ ਮਾਲੀਵਾਲ—ਪਾਰਟੀ ਛੱਡ ਕੇ ਭਾਜਪਾ ਵਿੱਚ ਸ਼ਾਮਿਲ ਹੋ ਗਏ। ਇਹ 'ਆਪ' ਲਈ ਇੱਕ ਵੱਡਾ ਸਿਆਸੀ ਝਟਕਾ ਸੀ ਕਿਉਂਕਿ ਇਨ੍ਹਾਂ ਵਿੱਚੋਂ ਜ਼ਿਆਦਾਤਰ ਮੈਂਬਰ ਪੰਜਾਬ ਦੀ ਪ੍ਰਤੀਨਿਧਤਾ ਕਰਦੇ ਸਨ। ਭਗਵੰਤ ਮਾਨ ਨੇ ਇਸ ਘਟਨਾ ਨੂੰ 'ਗੈਰ-ਸੰਵਿਧਾਨਕ' ਅਤੇ ਨੈਤਿਕਤਾ ਤੋਂ ਗਿਰੀ ਹੋਈ ਕਾਰਵਾਈ ਦੱਸਿਆ। ਸਿਆਸੀ ਪਿਛੋਕੜ: 7 ਮੈਂਬਰਾਂ ਦਾ ਜਾਣਾ ਇਹ ਵਿਵਾਦ 24 ਅਪਰੈਲ ਨੂੰ ਸ਼ੁਰੂ ਹੋਇਆ ਜਦੋਂ 'ਆਪ' ਦੇ 10 ਵਿੱਚੋਂ 7 ਰਾਜ ਸਭਾ ਮੈਂਬਰ—ਰਾਘਵ ਚੱਢਾ, ਅਸ਼ੋਕ ਮਿੱਤਲ, ਸੰਦੀਪ ਪਾਠਕ, ਹਰਭਜਨ ਸਿੰਘ, ਰਾਜਿੰਦਰ ਗੁਪਤਾ, ਵਿਕਰਮਜੀਤ ਸਾਹਨੀ ਅਤੇ ਸਵਾਤੀ ਮਾਲੀਵਾਲ—ਪਾਰਟੀ ਛੱਡ ਕੇ ਭਾਜਪਾ ਵਿੱਚ ਸ਼ਾਮਿਲ ਹੋ ਗਏ।




ਇਹ 'ਆਪ' ਲਈ ਇੱਕ ਵੱਡਾ ਸਿਆਸੀ ਝਟਕਾ ਸੀ ਕਿਉਂਕਿ ਇਨ੍ਹਾਂ ਵਿੱਚੋਂ ਜ਼ਿਆਦਾਤਰ ਮੈਂਬਰ ਪੰਜਾਬ ਦੀ ਪ੍ਰਤੀਨਿਧਤਾ ਕਰਦੇ ਸਨ। ਭਗਵੰਤ ਮਾਨ ਨੇ ਇਸ ਘਟਨਾ ਨੂੰ 'ਗੈਰ-ਸੰਵਿਧਾਨਕ' ਅਤੇ ਨੈਤਿਕਤਾ ਤੋਂ ਗਿਰੀ ਹੋਈ ਕਾਰਵਾਈ ਦੱਸਿਆ।

ਭਾਜਪਾ 'ਤੇ ਤਿੱਖੇ ਹਮਲੇ ਮਾਨ ਨੇ ਕਿਹਾ ਕਿ ਪੰਜਾਬ ਵਿੱਚ ਭਾਜਪਾ ਦਾ ਕੋਈ ਆਧਾਰ ਨਹੀਂ ਹੈ। ਉਨ੍ਹਾਂ ਦਾਅਵਾ ਕੀਤਾ ਕਿ ਮੌਜੂਦਾ ਸਮੇਂ ਵਿੱਚ ਪੰਜਾਬ ਵਿਧਾਨ ਸਭਾ ਵਿੱਚ ਭਾਜਪਾ ਦੇ ਸਿਰਫ਼ 2 ਵਿਧਾਇਕ ਹਨ ਅਤੇ ਆਉਣ ਵਾਲੀਆਂ ਚੋਣਾਂ ਵਿੱਚ ਇਹ ਗਿਣਤੀ 'ਜ਼ੀਰੋ' ਹੋ ਸਕਦੀ ਹੈ। ਉਨ੍ਹਾਂ ਅਨੁਸਾਰ, ਪੰਜਾਬੀ ਕਦੇ ਵੀ ਗ਼ਦਦਾਰੀ ਨੂੰ ਬਰਦਾਸ਼ਤ ਨਹੀਂ ਕਰਦੇ ਅਤੇ ਜਿਨ੍ਹਾਂ ਨੇ ਪਾਰਟੀ ਛੱਡੀ ਹੈ, ਉਨ੍ਹਾਂ ਨੂੰ ਜਨਤਾ ਦੇ ਕਚਹਿਰੀ ਵਿੱਚ ਜਵਾਬ ਦੇਣਾ ਪਵੇਗਾ।

ਲੋਕਤੰਤਰ ਅਤੇ ਪੰਜਾਬੀ ਅਣਖ

ਮੁੱਖ ਮੰਤਰੀ ਨੇ ਸਪੱਸ਼ਟ ਕੀਤਾ ਕਿ ਉਨ੍ਹਾਂ ਦੀ ਸਰਕਾਰ ਲੋਕਾਂ ਦੇ ਫ਼ਤਵੇ ਦੀ ਰਾਖੀ ਲਈ ਆਖ਼ਰੀ ਸਾਹ ਤੱਕ ਲੜੇਗੀ। ਉਨ੍ਹਾਂ ਟਵਿੱਟਰ (ਹੁਣ X) 'ਤੇ ਵੀ ਲਿਖਿਆ ਕਿ ਪੰਜਾਬ ਦੀ ਧਰਤੀ ਗ਼ਦਾਰਾਂ ਨੂੰ ਕਦੇ ਮੁਆਫ਼ ਨਹੀਂ ਕਰਦੀ। ਉਨ੍ਹਾਂ ਕਿਹਾ ਕਿ ਕੇਂਦਰ ਦੀ ਸੱਤਾਧਾਰੀ ਪਾਰਟੀ ਲੋਕਤੰਤਰੀ ਕਦਰਾਂ-ਕੀਮਤਾਂ ਨੂੰ ਛਿੱਕੇ ਟੰਗ ਕੇ ਸੂਬਾਈ ਸਰਕਾਰਾਂ ਨੂੰ ਡੇਗਣ ਦੀਆਂ ਸਾਜ਼ਿਸ਼ਾਂ ਰਚ ਰਹੀ ਹੈ, ਜੋ ਦੇਸ਼ ਦੇ ਸੰਘੀ ਢਾਂਚੇ ਲਈ ਖ਼ਤਰਾ ਹੈ।

## ਸਵੇਰ ਸੁਨੇਹਾ



ਮਨੁੱਖ ਰਾਤ ਨੂੰ ਕੁਦਰਤੀ ਨੀਂਦ ਸੂਰਜ ਛਿਪਣ ਤੋਂ ਬਾਅਦ ਸੌਂਦਾ ਹੈ। ਸਵੇਰ ਵੇਲੇ ਮੰਦਰ, ਮਸਜਿਦ, ਡੇਰੇ,ਮਸੀਤ ਵੱਲ ਦੌੜਦਾ ਹੈ ਕਿ ਮੈਂ ਦਾਨ ਪੁੰਨ ਕਰਕੇ ਉਸ ਗੁਰੂ, ਅੱਲ੍ਹਾ, ਰਹਿਮਤ, ਮਸੀਹੀ ਨੂੰ ਖੁਸ਼ ਕਰਕੇ ਆਪਣਾ ਜੀਵਨ ਸਫ਼ਲ ਕਰ ਲਵਾਂ।

ਪ੍ਰੰਤੂ ਮੇਰੀ ਸੋਚ ਇਹ ਕਹਿ ਰਹੀ ਹੈ ਕਿ, ਲੋੜਵੰਦ ਬੱਚਿਆਂ ਤੇ ਬਜ਼ੁਰਗਾਂ ਨੂੰ ਠੋਕਰਾਂ ਖਾਣ ਨਾ ਦਿਓ।ਇਹੀ ਤੁਹਾਡਾ ਪਾਠ ਪੂਜਾ ਕਰਨ ਦਾ ਸੁਪਨਾ ਸਾਕਾਰ ਹੋਵੇਗਾ।ਜੋ ਤੁਹਾਡੇ ਜੀਵਨ ਲਈ ਬੇਹਤਰੀਨ ਪੇਸ਼ਕਾਰੀ ਕਰੇਗਾ।

ਗੁਰਮੀਤ ਸਿੰਘ ਸਿੱਧੂ ਫਰੀਦਕੋਟ।
8146593089

## ਹੀਟ ਸਟ੍ਰੋਕ (ਲੂ) ਬਾਰੇ ਜਾਣਕਾਰੀ
## ਡਾ ਅਜੀਤਪਾਲ ਸਿੰਘ ਐਮ ਡੀ



ਅਸਰ (Effects)
· ਸਰੀਰ ਦਾ ਤਾਪਮਾਨ 104°F (40°C) ਤੋਂ ਵੱਧ ਜਾਂਦਾ ਹੈ
· ਦਿਮਾਗ, ਦਿਲ, ਗੁਰਦਿਆਂ ਤੇ ਮਾਸਪੇਸ਼ੀਆਂ ਨੂੰ ਨੁਕਸਾਨ
· ਜਾਨਲੇਵਾ ਸਥਿਤੀ ਬਣ ਸਕਦੀ ਹੈ

ਲੱਛਣ (Symptoms)
· ਤੇਜ਼ ਬੁਖਾਰ (104°F+)
· ਚੱਕਰ ਆਉਣੇ, ਬੇਹੋਸ਼ੀ
· ਮਤਲੀ, ਉਲਟੀਆਂ
· ਸਿਰ ਦਾ ਦਰਦ
· ਚਮੜੀ ਦਾ ਗਰਮ ਤੇ ਸੁੱਕਾ ਹੋਣਾ (ਪਸੀਨਾ ਨਹੀਂ ਆਉਂਦਾ)
· ਤੇਜ਼ ਧੜਕਣ, ਸਾਹ ਚੜ੍ਹਨਾ
· ਉਲਝਣ ਜਾਂ ਦੌਰੇ ਪੈਣੇ

ਤੁਰੰਤ ਇਲਾਜ (Immediate Treatment)

1. ਐਂਬੂਲੈਂਸ ਨੂੰ ਕਾਲ ਕਰੋ (108)
2. ਮਰੀਜ਼ ਨੂੰ ਠੰਢੀ ਛਾਂ ਵਿੱਚ ਲੈ ਜਾਓ
3. ਕੱਪੜੇ ਢਿੱਲੇ ਕਰੋ
4. ਠੰਢੇ ਪਾਣੀ ਦੀ ਪੱਟੀ ਜਾਂ ਬਰਫ਼ ਨਾਲ ਸਰੀਰ ਠੰਢਾ ਕਰੋ (ਗਰਦਨ, ਬਗਲਾਂ, ਕੱਛਾਂ 'ਤੇ)
5. ਠੰਢਾ ਪਾਣੀ ਪਿਲਾਓ (ਜੇ ਹੋਸ਼ ਹੋਵੇ)
6. ਪੱਖੇ ਜਾਂ ਏਸੀ ਦੀ ਵਰਤੋਂ ਕਰੋ

ਸਾਵਧਾਨੀਆਂ (Precautions)
· ਭਰਪੂਰ ਪਾਣੀ ਪੀਓ (ਦਿਨ ਵਿੱਚ 8-10 ਗਲਾਸ)
· ਤੇਜ਼ ਧੁੱਪ ਵਿੱਚ ਬਾਹਰ ਨਾ ਜਾਓ (12-4 ਵਜੇ)
· ਸੂਤੀ, ਢਿੱਲੇ, ਹਲਕੇ ਰੰਗ ਦੇ ਕੱਪੜੇ ਪਾਓ
· ਸਿਰ ਤੇ ਟੋਪੀ ਜਾਂ ਛੱਤਰੀ ਵਰਤੋਂ
· ਚਾਹ, ਕੌਫੀ, ਸ਼ਰਾਬ ਤੋਂ ਪਰਹੇਜ਼ ਕਰੋ
· ਭਾਰੀ ਕਸਰਤ ਤੋਂ ਬਚੋ
· ਬੱਚੇ, ਬਜ਼ੁਰਗ, ਗਰਭਵਤੀ ਔਰਤਾਂ ਦਾ ਖਾਸ ਧਿਆਨ ਰੱਖੋ

ਬਚਾਅ (Prevention)
· ਤੰਦਰੁਸਤ ਪਾਣੀ ਆਪਣੇ ਨਾਲ ਰੱਖੋ
· ਛਾਂ ਵਿੱਚ ਰਹੋ
· ਘਰ ਦੀ ਛੱਤ 'ਤੇ ਗਰਮੀ ਰੋਕੂ ਪਰਤ ਲਗਵਾਓ
· ਫਲ ਤੇ ਸਬਜ਼ੀਆਂ (ਤਰਬੂਜ, ਖੀਰਾ, ਸੰਤਰਾ) ਜ਼ਿਆਦਾ ਖਾਓ
· ORS ਦਾ ਘੋਲ ਵਰਤੋਂ
· ਬੱਚਿਆਂ ਜਾਂ ਪਾਲਤੂ ਜਾਨਵਰਾਂ ਨੂੰ ਬੰਦ ਗੱਡੀ ਵਿੱਚ ਨਾ ਛੱਡੋ

ਜੇ ਲੱਛਣ ਗੰਭੀਰ ਹੋਣ, ਤਾਂ ਬਿਨਾਂ ਦੇਰੀ ਕੀਤੇ ਡਾਕਟਰ ਨੂੰ ਮਿਲੋ।

## ਜ਼ਿੰਦਗੀ ਬਦਲਣ ਵਾਲੇ ਅਣਮੁੱਲੇ ਵਿਚਾਰ



**ਬਿਮਾਰੀ....**

ਪਤਾ ਲੱਗਣ 'ਤੇ ਵੀ ਗਲਤੀ ਨਾ ਸਵੀਕਾਰਨਾ ਮਨੋਵਿਗਿਆਨਕ ਬਿਮਾਰੀ ਹੀ ਹੁੰਦੀ ਹੈ। ਸੁਧਾਰ ਨਾ ਕਰੋ ਤਾਂ ਬਿਮਾਰੀ ਵਿਰਾਟ ਰੂਪ ਧਾਰ ਲੈਂਦੀ ਹੈ॥ ਇਲਾਜ ਦੌਰਾਨ ਪ੍ਰਹੇਜ਼ ਨਾ ਰੱਖਣਾ। ਖੁੱਦ ਅੰਦਰਲੀ ਤਾਕਤ ਵਕਤ ਸਿਰ ਨਾ ਵਰਤਣਾ। ਬਿਮਾਰ ਮਾਨਸਿਕਤਾ ਦੇ ਕਾਰਨ ਹੀ ਹੁੰਦੈ ॥ ਸਹੀਤੇ ਸਾਦਾ ਖਾਣਾ, ਵਕਤ ਸਿਰ ਅਤੇ ਲੋੜ ਮੁਤਾਬਕ ਖਾਓ। ਕਸਰਤ ਲਗਾਤਾਰ ਕਰੋ। ਸੁਵੱਖਤੇ ਉੱਠਣ ਦੀ ਆਦਤ ਪਾਓ। ਕੋਈ ਬਿਮਾਰੀ ਨੀ ਘੇਰ ਸਕਦੀ॥

**ਲਹਿਰੀ...**

ਸਬਰ ਸੰਤੋਖੀ, ਸੰਤੁਸ਼ਟ , ਚਾਵਾਂ ਨਾਲ ਭਰੀ ਜ਼ਿੰਦਗੀ ਲਹਿਰੀ ਛਾਪ ਛੱਡਦੀ ਹੀ ਰਹਿੰਦੀ ਹੈ॥ ਲਹਿਰੀ ਬੰਦਾ ਮੁਹੱਬਤ ਦਾ ਮੁਜੱਸਮਾਂ , ਮਹਿਕਾਂ ਖਿਲਾਰਦਾ ਅਤੇ ਹਰ ਕਦਮ ਨਵੇਂ ਦਿਸਹੱਦਿਆਂ ਦੀ ਭਾਲ 'ਚ ਗਲਤਾਨ ਰਹਿੰਦੈ॥ ਲਹਿਰੀ ਬੰਦੇ ਦੀ ਸੰਗਤ ਬਹੁਪਸੰਦੀ ਰਹਿੰਦੀ ਹੈ। ਖੁੱਦ ਔਖਾ ਹੋ ਕੇ ਵੀ ਦੁੱਜਿਆਂ ਦਾ ਮਨੋਰੰਜਣ ਕਰਨਾ ਉਹ ਆਪਣਾ ਧਰਮ ਸਮਝਦੈ॥

-ਦਰਸ਼ਨ ਸਿੰਘ ਬਰੇਟਾ
ਪ੍ਰਿੰਸੀਪਲ/ਜਿਲਾ ਆਰ. ਕਮਿਸ਼ਨਰ ਮਾਨਸਾ।

# ਤੁਹਾਡੀ ਕੀਮਤ ਕਈ ਵਾਰ ਬਹੁਤੇ ਲੋਕ ਨਹੀਂ ਜਾਣ ਸਕਦੇ,ਪਰ ਤੁਸੀਂ ਉਸਨੂੰ ਬਾਖੂਬੀ ਜਾਣਦੇ ਹੋ ਅਤੇ ਆਪਣੀ ਕੀਮਤ ਤੁਸੀਂ ਆਪ ਹੀ ਤੈਅ ਕਰਨੀ ਹੁੰਦੀ ਹੈ



ਤੁਹਾਡੀ ਕੀਮਤ ਕਈ ਵਾਰ ਬਹੁਤੇ ਲੋਕ ਨਹੀਂ ਜਾਣ ਸਕਦੇ,ਪਰ ਤੁਸੀਂ ਉਸਨੂੰ ਬਾਖੂਬੀ ਜਾਣਦੇ ਹੋ ਅਤੇ ਆਪਣੀ ਕੀਮਤ ਤੁਸੀਂ ਆਪ ਹੀ ਤੈਅ ਕਰਨੀ ਹੁੰਦੀ ਹੈ,ਆਪਣੇ ਕਿਰਦਾਰ ਨੂੰ ਆਪਣੀਆਂ ਨਜ਼ਰਾਂ ਵਿੱਚ ਪਹਿਲਾਂ ਉੱਚਾ ਚੁੱਕੋ ਜੇਕਰ ਤੁਹਾਡੀ ਨਜ਼ਰ ਵਿੱਚ ਤੁਸੀਂ ਸਹੀ ਹੋ ਤਾਂ ਕਿਸੇ ਦੇ ਸਰਟੀਫਿਕੇਟ ਦੀ ਤੁਹਾਨੂੰ ਲੋੜ ਨਹੀਂ । ਪਹਿਲਾਂ ਮੈਂ ਕਿਸੇ ਨਾਲ ਗੱਲ ਕਰਦੇ ਵੀ ਝੱਕਣਾ ,ਲੱਗਦਾ ਹੁੰਦਾ ਸੀ ਕਿ ਮੈਂ ਕੁੱਝ ਵੀ ਨਹੀਂ ਜਾਣਦੀ ਮੈਂ ਦੁਨੀਆ ਤੋਂ ਕਿੰਨੀ ਨੀਵੀਂ ਹਾਂ ਮੈਂ ਆਪਣੇ ਆਪ ਵਿੱਚ ਕੁੱਝ ਵੀ ਨਹੀਂ ਹਾਂ ਪਰ ਜਿਉਂ ਜਿਉਂ ਆਪਣੇ ਆਪ ਦੀ ਘੋਖ ਕੀਤੀ ਤਾਂ ਜਾਣਿਆ ਕਿ ਬਹੁਤ ਕੁੱਝ ਹੈ ਜੋ ਕਿ ਮੈਂ ਵੀ ਜਾਣਦੀ ਹਾਂ ਅਤੇ ਕਰ ਸਕਦੀ ਹਾਂ, ਹੋ ਸਕਦਾ ਮੇਰੇ ਵਾਲੇ ਗੁਣ ਕਿਸੇ ਹੋਰ ਵਿੱਚ ਨਾ ਹੋਣ ,ਜੇਕਰ ਉਹਨਾਂ ਵਾਲੇ ਗੁਣ ਮੇਰੇ ਵਿੱਚ ਨਹੀਂ ਹਨ ਅਤੇ ਇਸਦੇ ਕਰਕੇ ਹੀ ਹਰ ਵੇਲੇ ਮੇਰੇ ਦਿਮਾਗ ਵਿੱਚ ਆਪਣੇ ਆਪ ਨੂੰ ਹੋਰ ਵੀ ਸੰਵਾਰਨ ਦੀ ਘੜਨ ਦੀ ਅਤੇ ਸੁਧਾਰਨ ਦੀ ਜਗਿਆਸਾ ਹਮੇਸ਼ਾਂ ਜੀਵਤ ਰਹਿੰਦੀ ਹੈ ਅਤੇ ਕੋਸ਼ਿਸ਼ ਰਹੇਗੀ ਕਿ ਆਖਰੀ ਸਾਹਾਂ ਤੱਕ ਇਹ ਜਗਿਆਸਾ ਇੰਞ ਹੀ ਰਹੇ । ਮੈਂ ਬਹੁਤੀਆਂ ਕੁੜੀਆਂ ਜਾਂ ਔਰਤਾਂ ਨੂੰ ਵੇਖਦੀ ਹਾਂ ਪੜ੍ਹੀਆਂ ਵੀ ਹੁੰਦੀਆਂ ਹਨ ਪਰ ਆਪਣੀ ਜਗਿਆਸਾ ਜਾਨੀ ਜਾਨਣ ਦੀ ਉਤਸੁਕਤਾ ਨੂੰ ਉਥੇ ਹੀ ਖਤਮ ਕਰ ਦਿੰਦੀਆਂ ਹਨ ਕਿ ਮੇਰੇ ਕੋਲ ਡਿਗਰੀ ਆ ਗਈ ਹੈ ਮੈਂ ਹੋਰ ਜਾਣਕੇ ਕੀ ਲੈਣਾ ,ਪਰ ਜਦੋਂ ਅਸੀਂ ਪੜ੍ਹਦੇ ਹਾਂ ਉਦੋਂ ਸਾਡੇ ਅੱਗੇ ਇੱਕ ਟੀਚਾ ਹੁੰਦਾ ਹੈ ਕਿ ਅਸੀਂ ਉਸ ਜਮਾਤ ਜਾਂ ਜਿਸ ਵੀ ਡਿਗਰੀ ਨੂੰ ਅਸੀਂ ਕਰ ਰਹੇ ਹਾਂ ਬਸ ਪਾਸ ਕਰ ਜਾਈਏ ,ਪਰ ਓਹ ਹਾਸਿਲ ਕਰਨ ਤੋਂ ਬਾਅਦ ਅਸੀਂ ਉਸ ਡਿਗਰੀ ਨੂੰ ਕੰਮ ਵਿੱਚ ਲਿਆਉਂਦੇ ਹਾਂ ਕੋਈ ਨੌਕਰੀ ਕਰਦੇ ਹਾਂ ਤਾਂ ਫਿਰ ਅਸੀਂ ਹੋਰ ਵੀ ਅਧਿਐਨ ਕਰਦੇ ਹਾਂ,ਤਜ਼ਰਬਾ ਹਾਸਿਲ ਕਰਦੇ ਹਾਂ ਤਾਂ ਅਸੀਂ ਵੇਖਦੇ ਹਾਂ ਕਿ ਪੜ੍ਹਦੇ ਸਮੇਂ ਤਾਂ ਅਸੀਂ ਇਹ ਕੁੱਝ ਸਿੱਖਿਆ ਹੀ ਨਹੀਂ ਜੋ ਕਿ ਹੁਣ ਸਮਝ ਵਿੱਚ ਆ ਰਿਹਾ ਹੈ ਸੋ ਬਹੁਤ ਸਾਰੀਆਂ ਚੀਜ਼ਾਂ ਅਸੀਂ ਤਜ਼ਰਬੇ ਅਤੇ ਰੁਚੀ ਨਾਲ ਸਿੱਖਦੇ ਰਹਿੰਦੇ ਹਾਂ ਅਤੇ ਸਿੱਖਦੇ ਰਹਿਣਾ ਚਾਹੀਦਾ ਹੈ । ਸਿੱਖਣ ਦੀ ਕੋਈ ਸੀਮਾਂ ਨਹੀਂ ਹੁੰਦੀ , ਜਿੰਨਾ ਵੱਧ ਗਿਆਨ ਓਨੀ ਵੱਧ ਸਾਡੀ ਕੀਮਤ ,ਆਪਣੀ ਕੀਮਤ ਅਸੀਂ ਖੁਦ ਹੀ ਬਣਾਉਂਦੇ ਹਾਂ,ਕੀਮਤ ਨੂੰ ਸਿਰਫ਼ ਪੈਸੇ ਨਾਲ ਹੀ ਨਹੀਂ ਤੋਲਣਾ ਹੁੰਦਾ ਕਿ ਸਾਡੀ ਏਨੀ ਤਨਖਾਹ ਹੈ ਜਾਂ ਸਾਡੇ ਕੋਲ ਏਨਾ ਪੈਸਾ ਹੈ , ਕੀਮਤ ਇਸ ਚੀਜ਼ ਨਾਲ ਤੋਲੀ ਜਾਂਦੀ ਹੈ ਕਿ ਸਾਡੀ ਲੋਕ ਇੱਜ਼ਤ ਕਿੰਨੀ ਕਰਦੇ ਹਨ ਤੇ ਇੱਜ਼ਤ ਹਮੇਸ਼ਾਂ ਗਿਆਨ ਦੀ ਸਿਆਣਪ ਦੀ ,ਕਾਬਲੀਅਤ ਦੀ ,ਤਜ਼ਰਬੇ ਦੀ ਅਤੇ ਸਾਡੇ ਸੋਹਣੇ ਬੋਲਚਾਲ ਦੀ ਹੁੰਦੀ ਹੈ । ਸੋ ਆਪਣੇ ਆਪ ਨੂੰ ਸੰਵਾਰਦੇ, ਘੜਦੇ ਜਰੂਰ ਰਹੋ ਅਤੇ ਆਪਣੇ ਆਪ ਵਿੱਚ ਪ੍ਰਪੱਕ ਤੇ ਮਜ਼ਬੂਤ ਹੌਂਸਲੇ ਵਾਲੇ ਹੋਵੋ ਤਾਂ ਕਿ ਚਾਹ ਕੇ ਵੀ ਜਮਾਨਾ ਤੁਹਾਨੂੰ ਅੱਖੋਂ ਪਰੋਖੇ ਨਾ ਕਰ ਸਕੇ, ਤੁਹਾਡੀ ਕੀਮਤ ਨੂੰ ਨਜ਼ਰਅੰਦਾਜ਼ ਨਾ ਕਰ ਸਕੇ ।✍️ਹਰਵਿੰਦਰ ਕੌਰ ਕਾਹਲੋਂ

# ਅੱਜ ਬਤੌਰ ਅਧਿਆਪਕ ਸਰਕਾਰੀ ਸੇਵਾ ਵਿੱਚ 29 ਸਾਲ ਪੂਰੇ ਕਰ ਲਏ ਹਨ। ਅਧਿਆਪਕਾਂ ਦੀ ਬਦੌਲਤ ਹੀ ਇੱਥੇ ਤੱਕ ਪਹੁੰਚੇ ਹਾਂ



ਅੱਜ ਬਤੌਰ ਅਧਿਆਪਕ ਸਰਕਾਰੀ ਸੇਵਾ ਵਿੱਚ 29 ਸਾਲ ਪੂਰੇ ਕਰ ਲਏ ਹਨ। ਅਧਿਆਪਕਾਂ ਦੀ ਬਦੌਲਤ ਹੀ ਇੱਥੇ ਤੱਕ ਪਹੁੰਚੇ ਹਾਂ। ਇਸ ਸਫਰ ਵਿੱਚ ਬੜਾ ਕੁਝ ਸਿੱਖਿਆ ਹੈ। ਇਸ ਸਫਰ ਨੇ ਜ਼ਿੰਦਗੀ ਨੂੰ ਹਰ ਪੱਖੋਂ ਬਿਹਤਰੀਨ ਕੀਤਾ ਹੈ। ਨੌਕਰੀ ਆਰਥਿਕ ਪੱਖੋਂ ਤਾਂ ਖੁਸ਼ਹਾਲ ਕਰਦੀ ਹੀ ਹੈ ਪਰ ਤੁਹਾਨੂੰ ਸਮਾਜਿਕ ਅਤੇ ਮਾਨਸਿਕ ਪੱਖੋਂ ਵੀ ਮਜਬੂਤ ਬਣਾਉਂਦੀ ਹੈ। ਔਰਤਾਂ ਲਈ ਖਾਸ ਤੌਰ ਤੇ ਨੌਕਰੀ ਬਹੁਤ ਮਾਇਨੇ ਰੱਖਦੀ ਹੈ। ਹਮੇਸ਼ਾ ਹੀ ਆਪਣੇ ਫਰਜ਼ ਨੂੰ ਸਨਮੁਖ ਰੱਖ ਕੇ ਚੱਲੀ ਹਾਂ। ਕੋਸ਼ਿਸ਼ ਕੀਤੀ ਹੈ ਕਿ ਕੋਤਾਹੀ ਨਾ ਹੋਵੇ।

29 ਸਾਲ ਦੇ ਸਫ਼ਰ ਵਿੱਚ ਬਹੁਤ ਸਾਥੀ ਮਿਲੇ ਜਿਨ੍ਹਾਂ ਨੇ ਬਹੁਤ ਕੁਝ ਸਿਖਾਇਆ। ਅਧਿਆਪਨ ਉਨ੍ਹਾਂ ਬੀਐਡ ਵਿੱਚ ਨਹੀਂ ਸਿੱਖਿਆ ਜਿੰਨਾ ਕਿ ਆਪਣੇ ਸੀਨੀਅਰ ਅਧਿਆਪਕਾਂ ਤੋਂ ਸਿੱਖਿਆ। ਬੱਚਿਆਂ ਦੇ ਨਾਲ ਰਹਿ ਕੇ ਹਮੇਸ਼ਾ ਹੀ ਆਪਣੇ ਆਪ ਨੂੰ ਖਿੜਿਆ ਮਹਿਸੂਸ ਕੀਤਾ। ਅਧਿਆਪਨ ਦੇ ਇਸ ਸਫਰ ਵਿੱਚ ਸਹਿਕਰਮੀਆਂ ਨੇ ਹਮੇਸ਼ਾ ਹੀ ਸਾਥ ਦਿੱਤਾ। ਕਦੀ ਉਹ ਬਾਜੂ ਬਣ ਕੇ ਨਾਲ ਖੜੇ ਹੋਏ ਤੇ ਕਦੇ ਉਹਨਾਂ ਨੇ ਦਿਮਾਗ ਦੀਆਂ ਤੈਹਾਂ ਖੋਲ ਦਿੱਤੀਆਂ। ਬਹੁਤ ਮੁਹੱਬਤ ਤੇ ਅਪਣੱਤ ਮਿਲੀ। ਪਿੰਡ ਦੇ ਸਕੂਲ ਵਿੱਚ 14 ਸਾਲ ਨੌਕਰੀ ਕੀਤੀ। ਉਹ ਪਿੰਡ ਹੀ ਆਪਣਾ ਲੱਗਦਾ ਸੀ। ਬਾਕੀ ਦੀ ਸਾਰੀ ਨੌਕਰੀ ਸ਼ਹਿਰ ਵਿੱਚ ਕੀਤੀ। ਸ਼ਹਿਰ ਦੀ ਨੌਕਰੀ ਨੇ ਵੀ ਬਹੁਤ ਕੁਝ ਸਿਖਾਇਆ।

ਆਪਣੇ ਅੰਦਰ ਇਹਨਾਂ 29 ਸਾਲਾਂ ਵਿੱਚ ਬੜਾ ਬਦਲਾਅ ਮਹਿਸੂਸ ਕੀਤਾ। ਮੰਚ ਸੰਚਾਲਨ ਦੇ ਮੌਕੇ ਮਿਲੇ। ਆਪਣੀ ਪ੍ਰਤਿਭਾ ਨੂੰ ਨਿਖਾਰਨ ਦੇ ਮੌਕੇ ਮਿਲੇ। ਗਾਈਡੈਂਸ ਤੇ ਕਾਉਂਸਲਿੰਗ ਦਾ ਚਾਰਜ ਮਿਲਣ ਤੋਂ ਬਾਅਦ ਬੱਚਿਆਂ ਨਾਲ ਬਹੁਤ ਨੇੜੇ ਤੋਂ ਜੁੜ ਕੇ ਕੰਮ ਕੀਤਾ। ਅੱਜ ਕੱਲ ਦੇ ਬੱਚੇ ਇੱਕ ਬੇਵਸਾਹੀ ਦੇ ਆਲਮ ਵਿੱਚ ਹਨ। ਉਹ ਆਪਣੀਆਂ ਗੱਲਾਂ ਮਾਤਾ ਪਿਤਾ ਨਾਲ ਸਾਂਝੀਆਂ ਨਹੀਂ ਕਰਦੇ ਪਰ ਜੇਕਰ ਅਧਿਆਪਕ ਦੋਸਤਾਂ ਵਰਗਾ ਹੋਵੇ ਤਾਂ ਉਸ ਨਾਲ ਸਾਂਝੀਆਂ ਕਰ ਲੈਂਦੇ ਹਨ। ਅਧਿਆਪਕ ਬਣ ਕੇ ਹੀ ਇਸ ਗੱਲ ਦੀ ਸਮਝ ਆਈ ਕਿ ਕਿਵੇਂ ਤੁਸੀਂ ਕਿਸੇ ਦੀ ਜ਼ਿੰਦਗੀ ਸਵਾਰ ਸਕਦੇ ਹੋ।

ਬਹੁਤ ਤਰ੍ਹਾਂ ਦੀਆਂ ਡਿਊਟੀਆਂ ਲੱਗੀਆਂ ਗੈਰ ਅਧਿਆਪਨ ਦੇ ਬਹੁਤ ਕੰਮ ਕੀਤੇ। ਇਹਨਾਂ ਕੰਮਾਂ ਨੇ ਵੀ ਬਹੁਤ ਕੁਝ ਸਿਖਾਇਆ। ਕੰਮ ਤੋਂ ਕਦੀ ਪਿੱਛੇ ਨਹੀਂ ਹਟੀ। ਹਰ ਡਿਊਟੀ ਖਿੜੇ ਮੱਥੇ ਦਿੱਤੀ। ਮੈਨੂੰ ਤਾਂ ਇੰਜ ਮਹਿਸੂਸ ਹੁੰਦਾ ਹੈ ਕਿ ਇਸ ਨੌਕਰੀ ਨੇ ਮੈਨੂੰ ਲੋਕਾਂ ਵਿੱਚ ਵਿਚਰਨਾ ਸਿਖਾਇਆ। ਇਸ ਨੇ ਮੈਨੂੰ ਇਸ ਕਾਬਲ ਬਣਾਇਆ ਕਿ ਮੈਂ ਆਪਣੇ ਆਪ ਤੇ ਮਾਣ ਕਰ ਸਕਾਂ।

ਇਸ ਨੌਕਰੀ ਨੇ ਮੇਰੀ ਉਸ ਸਿੱਖਿਆ ਨੂੰ ਸਹੀ ਮਾਅਨਿਆ ਵਿੱਚ ਅਰਥ ਦਿੱਤੇ। ਜ਼ਿੰਦਗੀ ਦੇ ਸਫਰ ਵਿੱਚ ਬਹੁਤ ਪਿਆਰੀਆਂ ਸਹੇਲੀਆਂ ਮਿਲੀਆਂ। ਕੁਝ ਮਾਵਾਂ ਵਰਗੀਆਂ ਕੁਝ ਭੈਣਾਂ ਵਰਗੀਆਂ ਤੇ ਕੁਝ ਬੱਚਿਆਂ ਵਰਗੀਆਂ। ਜ਼ਿੰਦਗੀ ਦੀ ਕਿਸੇ ਕਮੀ ਨੂੰ ਕਦੇ ਵੀ ਇਸ ਨੌਕਰੀ ਨੇ ਮਹਿਸੂਸ ਨਹੀਂ ਹੋਣ ਦਿੱਤਾ। ਬਸ ਤਿੰਨ ਸਾਲ ਦਾ ਸਫਰ ਬਾਕੀ ਹੈ। ਬਹੁਤ ਕੁਝ ਹੈ ਜੋ ਅਜੇ ਕਰਨਾ ਹੈ। ਅਖੀਰ ਤੱਕ ਇਸੇ ਉਤਸਾਹ ਨਾਲ ਕੰਮ ਕਰਨ ਦਾ ਸੋਚਿਆ ਹੈ।


ਜ਼ਿੰਦਗੀ ਦਾ ਅਸੂਲ ਜੋ ਪਿਤਾ ਨੇ ਸਿਖਾਇਆ ਅੱਜ ਵੀ ਨਾਲ ਹੈ। ਸਮੇਂ ਤੋਂ 10 ਮਿੰਟ ਪਹਿਲਾਂ ਜਾਣਾ ਤੇ ਸਮੇਂ ਤੋਂ 10 ਮਿੰਟ ਬਾਅਦ ਵਿੱਚ ਵਾਪਸ ਆਉਣਾ। ਜਿੱਥੋਂ ਤੱਕ ਹੋ ਸਕੇ ਆਪਣੇ ਵਿਦਿਆਰਥੀਆਂ ਨੂੰ ਹਰ ਉਸ ਸਹੂਲਤ ਮੁਹਈਆ ਕਰਾਉਣਾ ਜੋ ਉਹਨਾਂ ਲਈ ਜਰੂਰੀ ਹੈ। ਜ਼ਿੰਦਗੀ ਸਿੱਖਣ ਸਿਖਾਉਣ ਦੀ ਇੱਕ ਪ੍ਰਕਿਰਿਆ ਹੈ। ਜੋ ਮੇਰੇ ਅਧਿਆਪਕ ਮੇਰੇ ਪ੍ਰਿੰਸੀਪਲ ਸ਼੍ਰੀਮਤੀ ਜਸਮੇਰ ਕੌਰ ਕੰਗ ਜੀ ਨੇ ਮੈਨੂੰ ਸਿਖਾਇਆ ਉਹੀ ਮੈਂ ਕੋਸ਼ਿਸ਼ ਕਰ ਰਹੀ ਹਾਂ ਕਿ ਆਪਣੇ ਵਿਦਿਆਰਥੀਆਂ ਨੂੰ ਸਿਖਾਵਾਂ। ਪੂਰੀ ਕੋਸ਼ਿਸ਼ ਕਰਦੀ ਹਾਂ ਕਿ ਕੁੜੀਆਂ ਨੂੰ ਇਸ ਗੱਲ ਦਾ ਮਹੱਤਵ ਸਮਝਾਵਾਂ ਕਿ ਉਹਨਾਂ ਦਾ ਅਸਲੀ ਗਹਿਣਾ ਸਿੱਖਿਆ ਹੈ। ਇਸ ਬਦਲਦੇ ਸਮੇਂ ਵਿੱਚ ਜਿੱਥੇ ਸੋਸ਼ਲ ਮੀਡੀਆ ਤੇ ਟੈਕਨੋਲੋਜੀ ਦਾ ਬੋਲ ਬਾਲਾ ਹੈ ਉਥੇ ਬੱਚਿਆਂ ਦੇ ਮਨੋਭਾਵ ਨੂੰ ਸਮਝ ਕੇ ਉਹਨਾਂ ਦੀਆਂ ਭਾਵਨਾਵਾਂ ਨੂੰ ਸਮਝ ਕੇ ਉਹਨਾਂ ਦੇ ਅੰਦਰ ਦੀ ਮਾਸੂਮੀਅਤ ਨੂੰ ਜ਼ਿੰਦਾ ਰੱਖਣ ਦੀ ਕੋਸ਼ਿਸ਼ ਕਰਦੀ ਰਹਾਂਗੀ।

ਉਹ ਸਭ ਸਾਥੀ ਜਿਨਾਂ ਨੇ ਇਸ ਸਫਰ ਵਿੱਚ ਮੇਰਾ ਸਾਥ ਦਿੱਤਾ ਉਹਨਾਂ ਦੀ ਤਹਿ ਦਿਲੋਂ ਸ਼ੁਕਰ ਗੁਜ਼ਾਰ ਹਾਂ। ਆਪਣੇ ਤੋਂ ਵੀ ਵੱਧ ਆਪਣੇ ਮੇਰੇ ਸਹਿਕਰਮੀ ਮੇਰਾ ਮਾਣ ਹਨ।

ਮੇਰਾ ਸਕੂਲ ਮੇਰੀ ਕਰਮ ਭੂਮੀ ਹੈ ਤੇ ਮੇਰੇ ਵਿਦਿਆਰਥੀ ਮੇਰੀ ਜ਼ਿੰਦਗੀ ਦਾ ਉਦੇਸ਼।

ਲੇਖਕ : ਹਰਪ੍ਰੀਤ ਕੌਰ ਸੰਧੂ।

# ਮੈਂ ਜਿੰਦਗੀ ਨੂੰ ਬਹੁਤ ਨੇੜਿਓ ਦੇਖਦੀ ਹਾਂ। ਅੱਤ ਔਖੇ ਸਮੇਂ ਵਿੱਚ ਸਬਰ, ਅਤੇ ਖੁਸ਼ੀਆਂ ਵਿੱਚ ਦੂਣਾ ਸਬਰ ਕਰਨ ਦੀ ਕੋਸ਼ਿਸ਼ ਕਰਦੀ ਹਾਂ




ਮੈਂ ਜਿੰਦਗੀ ਨੂੰ ਬਹੁਤ ਨੇੜਿਓ ਦੇਖਦੀ ਹਾਂ। ਅੱਤ ਔਖੇ ਸਮੇਂ ਵਿੱਚ ਸਬਰ, ਅਤੇ ਖੁਸ਼ੀਆਂ ਵਿੱਚ ਦੂਣਾ ਸਬਰ ਕਰਨ ਦੀ ਕੋਸ਼ਿਸ਼ ਕਰਦੀ ਹਾਂ। ਜਿੰਦਗੀ ਦਾ ਤਜ਼ੁਰਬਾ ਨਾ ਮਿੱਠਾ ਤੇ ਨਾ ਕੌੜਾ ਹੋਣਾ ਚਾਹੀਦਾ ਹੈ। ਇਕਸਾਰ ਜੀਵਨ ਜਦ ਹੁੰਦਾ ਹੈ ਤਾਂ ਔਖੇ ਸਮੇਂ ਦੁੱਖ ਘੱਟ ਤੇ ਸੌਖੇ ਸਮੇਂ ਉਤਸ਼ਾਹਿਤ ਘੱਟ ਰਹਿਣ ਨਾਲ, ਦਿਮਾਗ਼ ਸਹੀ ਸੋਚ ਪਾਉਂਦਾ ਹੈ। ਮੈਂ ਕਈ ਵਾਰ ਦੇਖਿਆ ਲੋਕ ਆਪਣੇ ਆਪ ਨੂੰ ਹਾਰਿਆ ਕਰਾਰ ਦੇ ਦਿੰਦੇ ਹਨ। ਕਹਿ ਦਿੰਦੇ ਹਨ ਕਿ ਮੇਰੇ ਕੋਲੋਂ ਇਹ ਕੰਮ ਨਹੀਂ ਹੋਣਾ, ਹੱਥ ਖੜ੍ਹੇ ਕਰਨ ਵਾਲਾ ਹੀ ਹਾਰਦਾ ਹੈ, ਉਵੇਂ ਹਾਰ ਵਰਗੇ ਸ਼ਬਦ ਦੇ ਜਨਮ ਲੈਣ ਦਾ ਕੋਈ ਵਜੂਦ ਨਹੀਂ ਹੈ। "ਹਾਰ" ਦਾ ਵਜੂਦ ਤੁਹਾਡੇ ਮੇਰੇ ਵਰਗੇ ਦੀ ਸੋਚ ਨੇ ਕਿਸੇ ਮਾੜੇ ਸਮੇਂ ਵਿੱਚ ਪੈਦਾ ਕਰ ਦਿੱਤਾ ਜਦ ਅਸੀਂ ਕਈ ਵਾਰ ਬੁਜ਼ਦਿਲ ਹੋ ਜਾਂਦੇ ਹਾਂ। ਪਰਮਾਤਮਾ ਦੇ ਸੰਗ ਹੁੰਦਿਆਂ ਵੀ ਡਰਾਉਣ ਵਾਲੇ ਤੋਂ ਡਰ ਜਾਂਦੇ ਹਾਂ।

ਜ਼ਿੰਦਗੀ ਨੂੰ ਜੀਅ ਕੇ ਤਾਂ ਵੇਖੋ, ਔਖਾ ਘੁੱਟ ਪੀ ਕੇ ਤੇ ਵੇਖੋ। ਜ਼ਿੰਦਗੀ ਸੰਘਰਸ਼ ਹੈ, ਜਦ ਸਭ ਅਸਾਨੀ ਨਾਲ ਮਿਲਦਾ ਹੈ, ਸਮਝ ਜਾਓ ਤੁਸੀਂ ਜ਼ਿੰਦਗੀ ਨੂੰ ਜੀਅ ਨਹੀਂ ਰਹੇ, ਤੁਹਾਨੂੰ ਤੁਹਾਡੀ ਪਹਿਚਾਣ ਨਹੀਂ ਮਿਲ ਰਹੀ। ਹੋ ਸਕਦਾ ਹੈ ਕਿ ਤੁਹਾਡੇ ਘਰ ਵਾਲਿਆਂ ਨੇਂ ਦੋਸਤਾਂ ਮਿੱਤਰਾਂ ਨੇ, ਤੁਹਾਡੀ ਜ਼ਿੰਦਗੀ ਇੰਨੀ ਸਰਲ ਕੀਤੀ ਹੋਵੇ ਕਿ ਸਮਾਜ ਵਿੱਚ ਕਿੱਦਾਂ ਵਿਚਰਨਾ ਹੈ, ਇਸ ਨੂੰ ਸਿੱਖਣ ਤੋਂ ਤੁਸੀਂ ਵਾਂਝੇ ਰਹਿ ਜਾਓ। ਆਪਣੀ ਜ਼ਿੰਦਗੀ ਆਪਣੇ ਬਲ ਤੇ ਜੀਓ, ਆਪਣੇ ਜੀਵਨਸਾਥੀ ਆਪਣੇ ਮਾਂ ਪਿਓ ਦੀ ਸਹਾਇਤਾ ਨਾਲ ਆਪਣੀਆਂ ਮੁਸੀਬਤਾਂ ਦੇ ਖ਼ੁੱਦ ਪਰਿਵਾਰ ਵਿੱਚ ਰਹਿ ਹੱਲ ਲੱਭੋ। ਦੂਜਿਆਂ ਦੇ ਪੈਸੇ ਤੇ, ਸੋਚ ਤੇ, ਤੇ ਦੂਜਿਆਂ ਦੀ ਮਿਹਨਤ ਤੇ ਨਿਰਭਰ ਨਾ ਰਹੋ। ਦੁਨੀਆਂ ਤੇ ਆਪਣਿਆਂ ਵਿੱਚ ਫ਼ਰਕ ਕਰਨਾ ਸਿੱਖੋ। ਹੌਲੀ ਹੌਲੀ ਕਦਮ ਅੱਗੇ ਵਧਾਓ, ਆਪਣੇ ਆਪ ਨੂੰ ਹਿੰਮਤ ਦਿਓ, ਕਰ ਕੇ ਦਿਖਾਓ, ਆਪਣੇ ਆਪ ਤੇ ਵਿਸ਼ਵਾਸ ਕਰੋ। ਚੰਗਾ ਸੋਚੋ, ਜੇ ਤੁਹਾਡੇ ਨਾਲ ਕੋਈ ਮਾੜਾ ਵੀ ਕਰਦਾ ਹੈ, ਬਦਲੇ ਦੀ ਭਾਵਨਾ ਨਾ ਰੱਖੋ, ਸਿੱਖੋ, ਮੁਆਫ਼ ਕਰੋ ਅੱਗੇ ਵਧੋ।

- ਮਨਦੀਪ ਕੌਰ ਟਾਂਗਰਾ

ਅਦਾਰਾ ਸੀ 7 ਨਿਊਜ਼ ਵਿੱਚ ਲੇਖਕਾਂ ਦੁਆਰਾ ਲਗਵਾਈਆਂ ਜਾਂਦੀਆਂ ਕਵਿਤਾਵਾਂ, ਕਹਾਣੀਆਂ, ਲੇਖ ਆਦਿ ਲੇਖਕਾਂ ਦੇ ਨਿੱਜੀ ਵਿਚਾਰ ਹਨ ਇਸਦੇ ਨਾਲ ਅਦਾਰਾ ਸੀ 7 ਨਿਊਜ਼ ਦੇ ਐਡੀਟਰ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ

# ਕਹਾਣੀ :ਪਿਆਸ ਤੇ ਖਾਰਾ ਸਮੁੰਦਰ ਭਾਗ ਦੋ ( ਪਹਿਲੇ ਭਾਗ ਦਾ ਲਿੰਕ ਕਮੇਂਟ ਵਿੱਚ )




ਅਗਲੀ ਮੁਲਾਕਾਤ 'ਤੇ ਦਿਨ ਢਲ ਰਿਹਾ ਰਹੀ ਸੀ। ਵਿਕਰਮ ਉਹਨੂੰ ਸੁਖਨਾ ਝੀਲ ਦੇ ਉਸ ਪਿਛਲੇ ਹਿੱਸੇ 'ਚ ਲੈ ਗਿਆ ਜਿੱਥੇ ਉਹ ਅਕਸਰ ਚੋਰੀ ਚੋਰੀ ਜੋੜੀਆਂ ਨੂੰ ਤੱਕਣ ਜਾਇਆ ਕਰਦੇ ਸੀ— "ਓਥੋਂ ਸੂਰਜ ਡੁੱਬਣ ਵੇਲੇ ਬੜਾ ਸੋਹਣਾ ਦਿੱਸਦੈ, ਤੇ ਕੋਈ ਨੀ ਹੁੰਦਾ ਸਿਵਾਏ ਸੱਚੇ ਆਸ਼ਿਕਾਂ ਦੇ ਉਹਨੇ ਆਖ਼ਰੀ ਸ਼ਬਦ ਚੱਬ ਕੇ ਕਹੇ"। ਉਹਦੇ ਅਰਥ ਸਮਝ ਕੇ ਅਮਨ ਵੀ ਸ਼ਰਾਰਤੀ ਹਾਸੀ ਹੱਸੀ।

ਹਰ ਮੁਲਾਕਾਤ ਮਗਰੋਂ ਉਹਨੂੰ ਵੀ ਵਿਕਰਮ ਨਾਲ ਵੱਖਰੀ ਨੇੜਤਾ ਮਹਿਸੂਸ ਹੋਣ ਲੱਗੀ ਸੀ। ਵਿਕਰਮ ਦਾ ਉਸਨੂੰ ਛੂਹਣਾ, ਉਹਦੇ ਵੱਲ ਤੱਕਣਾ ਉਹਨੂੰ ਬੇਹੱਦ ਮੁਹੱਬਤੀ ਅਹਿਸਾਸ ਦੇ ਰਿਹਾ ਸੀ। ਵਾਪਿਸ ਜਾ ਕੇ ਵੀ ਉਹ ਉਹਨਾਂ ਸਭ ਛੂਹ ਨੂੰ ਮੁੜ ਮਹਿਸੂਸ ਕਰਦੀ ਸੀ, ਪਿਛਲੀ ਮੁਲਾਕਾਤ ਤੋਂ ਬਾਅਦ ਤਾਂ ਰਾਤ ਵਿਕਰਮ ਦੇ ਖਿਆਲਾਂ ਨੇ ਉਸਨੂੰ ਕਈ ਵਾਰ ਬੇਚੈਨ ਕੀਤਾ ਸੀ। ਇਸੇ ਬੇਚੈਨੀ ਵਿੱਚੋ ਹੀ ਇਸ ਮੁਲਾਕਾਤ ਨੇ ਜਨਮ ਲਿਆ ਸੀ।

ਜਦੋਂ ਓਥੇ ਗਏ ਤਾਂ ਦੇਖਿਆ ਦੂਰ ਦੂਰ ਲੁਕਵੇਂ ਬੈਠੇ ਜੋੜਿਆਂ ਤੋਂ ਬਿਨ੍ਹਾਂ ਹੋਰ ਕੋਈ ਨਹੀਂ ਸੀ। ਸਾਹਮਣੇ ਪਹਾੜੀਆਂ ਦੀ ਲਕੀਰ, ਵਿਚਕਾਰ ਝੀਲ ਦਾ ਚਮਕਦਾ ਪਾਣੀ, ਉੱਤੇ ਅਸਮਾਨ 'ਤੇ ਬੈਂਗਣੀ ਤੇ ਕੇਸਰੀਆ ਰੰਗ ਆਪੋ 'ਚ ਲੜ ਰਹੇ ਸੀ।

ਦੂਰੋਂ ਕਿਸੇ ਪਾਸਿਓਂ ਮਿਊਜ਼ਿਕ ਦੀ ਆਵਾਜ਼ ਆ ਰਹੀ ਸੀ।

ਅਮਨ ਇੱਕ ਪੱਧਰੇ ਪੱਥਰ 'ਤੇ ਬੈਠ ਗਈ ਸੀ ,ਆਪਣਾ ਦੁਪੱਟਾ ਹੇਠਾਂ ਵਿਛਾ ਲਿਆ ਸੀ। ਵਿਕਰਮ ਉਹਦੇ ਪਿੱਛੇ ਖੜ੍ਹਾ ਸੀ। ਉਸ ਨੇ ਉਹਦੇ ਮੋਢਿਆਂ 'ਤੇ ਹੱਥ ਰੱਖਿਆ — ਹੌਲੀ ਜਿਹੇ, ਪਰ ਮਜ਼ਬੂਤੀ ਨਾਲ। ਉਹ ਇੱਕ ਪਲ ਲਈ ਕੰਬ ਗਈ, ਪਰ ਖਿਸਕੀ ਨਹੀਂ।

"ਡਰਦੀ ਐਂ?" ਉਸ ਨੇ ਕਿਹਾ।

"ਥੋੜ੍ਹਾ ਜਿਹਾ।"

"ਡਰ ਚੰਗੀ ਚੀਜ਼ ਐ। ਬਿਨਾ ਡਰ ਦੇ ਕੋਈ ਸੁਆਦ ਨਹੀਂ ਆਉਂਦਾ।"

ਉਸ ਨੇ ਉਹਦੀ ਠੋਡੀ ਫੜ੍ਹ ਕੇ ਆਪਣੇ ਵੱਲ ਘੁਮਾਈ। ਅੱਖਾਂ ਨੇ ਅੱਖਾਂ 'ਚ ਤੱਕਿਆ— ਵੱਡੀਆਂ, ਭਰਵੀਆਂ, ਅੱਖਾਂ ਜਿਹੜੀਆਂ ਕਿਸੇ ਪੁਰਾਣੇ ਦਰਦ ਨਾਲ ਭਰੀਆਂ ਹੋਈਆਂ ਸਨ,ਜੋ ਉਸ ਨੇ ਅਜੇ ਕਿਸੇ ਨੂੰ ਨਹੀਂ ਦੱਸਿਆ ਸੀ। ਵਿਕਰਮ ਨੇ ਉਹਨੂੰ ਚੁੰਮਿਆ — ਲੰਮਾ ਚੁੰਮਣ, ਦੋਵੇਂ ਬੁੱਲ੍ਹ ਜਕੜ ਕੇ, ਬਿਨਾ ਕਿਸੇ ਕਾਹਲ ਦੇ। ਉਸਦੇ ਬੁੱਲ੍ਹ ਨਰਮ ਸੀ,ਹਲਕੀ ਲਿਪਸਟਿਕ ਦਾ ਸੁਆਦ, ਪਰ ਪੂਰੀ ਤਰ੍ਹਾਂ ਉਸਦੇ ਬੁੱਲਾਂ ਚ ਸਮਾ ਜਾਣ ਵਾਲੇ। ਮਿਊਜ਼ਿਕ ਦਾ ਸ਼ੋਰ ਮੱਧਮ ਪੈ ਗਿਆ ਸੀ। ਸਾਹਾਂ ਦੀ ਆਵਾਜ਼ ਸੁਣਨ ਲੱਗੀ ਸੀ। ਹਰ ਬੀਤਦੇ ਪਲ ਨਾਲ ਸਰੀਰ ਦੇ ਬਾਕੀ ਅੰਗਾਂ ਤੱਕ ਚੁੰਮਣ ਦਾ ਸੁਆਦ ਪਹੁੰਚਣ ਲੱਗਾ ਸੀ। ਉਹ ਅੰਗ ਜਿਹੜੇ ਬਹੁਤ ਚਿਰ ਤੋਂ ਹੇਠਾਂ ਦੀ ਛੂਹ ਨੂੰ ਤਰਸ ਰਹੇ ਸੀ ਬੈਚੇਨੀ ਚ ਕੰਬਣ ਲੱਗੇ ਸੀ ਉਹਨਾਂ ਦੀਆਂ ਹਰਕਤਾਂ ਅਮਨ ਨੂੰ ਵੀ ਮਹਿਸੂਸ ਹੋਣ ਲੱਗੀਆਂ ਸੀ।

ਅਮਨ ਦੇ ਹੱਥ ਖੁਦ ਹੀ ਢਿੱਲੇ ਪੈ ਗਏ ਸੀ , ਸਾਹ ਤੇਜ਼ ਸੀ ਜਿਵੇਂ ਹੁਣੇ ਦੌੜ ਲਗਾ ਕੇ ਆਈ ਹੋਵੇ। ਵਿਕਰਮ ਨੇ ਉਹਨੂੰ ਓਸੇ ਪੱਥਰ 'ਤੇ ਲਿਟਾ ਲਿਆ ਸੀ— ਪਿੱਠ ਖੁਰਦਰੀ ਤੇ ਗਰਮ ਸਤ੍ਹਾ 'ਤੇ ਰਗੜ ਖਾ ਰਹੀ ਸੀ । ਵਾਲ ਹੇਠਾਂ ਖਿਲਰ ਗਏ ਗਏ, ਦੁਪੱਟਾ ਇੱਕਠਾ ਹੋਕੇ ਲੱਤਾਂ ਦੇ ਨਜ਼ਦੀਕ ਖਿਸਕ ਗਿਆ ਸੀ ।

ਬਿਕਰਮ ਨੇ ਉਹਦੀ ਕੁੜਤੀ ਦਾ ਪਹਿਲਾ ਬਟਨ ਖੋਲ੍ਹਿਆ, ਅਮਨ ਨੇ ਕੋਈ ਇਤਰਾਜ਼ ਨਹੀਂ ਕੀਤਾ ਸਗੋਂ ਉਹ ਉਸਦੀ ਮਦਦ ਕਰਨ ਲੱਗੀ।

ਚਿੱਟੀ, ਹਲਕੀ ਸੂਤੀ ਕੁੜਤੀ ਦੇ ਬਟਨ ਖੁੱਲਦੇ ਹੀ ਉਸਦਾ ਹੁਸਨ ਬਾਹਰ ਆਉਣ ਲਈ ਕਾਹਲਾ ਪੈਣ ਲੱਗਾ ਸੀ, ਤੇ ਹੇਠਾਂ ਛੁਪਾਇਆ ਗੁਲਾਬੀ ਰੰਗ ਨਾਲ ਲੁਕਾਇਆ ਹੋਇਆ ਹੁਸਨ ਜਿਸ ਉੱਤੇ ਛੋਟੇ-ਛੋਟੇ ਫੁੱਲ ਬਣੇ ਸੀ,

ਫਿਰ ਉਸਨੇ ਦੂਜਾ ਬਟਨ ਖੋਲਿਆ ਤੇ ਫਿਰ ਤੀਜਾ।

ਅਮਨ ਦਾ ਸਾਹ ਭਾਰੀ ਹੋ ਗਿਆ ਸੀ, ਉਹਦੇ ਹੱਥ ਵਿਕਰਮ ਦੇ ਮੋਢਿਆਂ 'ਤੇ ਸਨ ਉਂਗਲਾਂ ਕਮੀਜ਼ ਦੇ ਅੰਦਰ ਸਰਕ ਰਹੀਆਂ ਸਨ ਉਹ ਵਾਰ ਵਾਰ ਆਪਣੇ ਉੱਪਰ ਖਿੱਚ ਕੇ ਆਪਣੇ ਸੀਨੇ ਨਾਲ ਘੁੱਟਣਾ ਚਾਹੁੰਦੀ ਸੀ।

"ਤੂੰ ਪਹਿਲਾਂ ਕਦੇ ਇੰਝ ਕੀਤੈ?" ਅਮਨ ਨੇ ਪੁੱਛਿਆ।

"ਹਾਂ। ਪਰ ਉਹ ਪਿਆਰ ਨਹੀਂ ਸੀ, ਸਿਰਫ ਉਸਦੀ ਜ਼ਰੂਰਤ ਸੀ।," ਵਿਕਰਮ ਨੇ ਕਿਹਾ।

ਇਹ ਇੱਕੋ ਇੱਕ ਸੱਚ ਸੀ —ਜਿਹੜਾ ਉਸਨੇ ਆਪਣੀ ਜ਼ਿੰਦਗੀ ਵਿੱਚੋ ਬੋਲਿਆ ਸੀ। ਇਸ ਲਾਈਨ ਨੇ ਅਮਨ ਦੀਆਂ ਅੱਖਾਂ ਸਿੱਲੀਆਂ ਕਰ ਦਿੱਤੀਆਂ ਸੀ, ਉਹਦੇ ਆਪਣੇ ਜਿਸਮ ਚ ਤੜਪ ਉੱਠ ਖੜ੍ਹੀ ਸੀ, ਵਿਕਰਮ ਵੱਲੋਂ ਕੀਤੇ ਮੁੱਹਬਤ ਦੇ ਇਕਬਾਲ ਕਰਕੇ।

ਉਸ ਨੇ ਖ਼ੁਦ ਹੀ ਪੂਰੀ ਕੁੜਤੀ ਉਤਾਰ ਦਿੱਤੀ। ਝੀਲ ਦੀ ਠੰਢੀ ਹਵਾ ਉਸਦੇ ਅੱਧ ਨੰਗੇ ਜਿਸਮ ਨੂੰ ਛੂਹਣ ਲੱਗੀ ਸੀ। ਉਸਦੇ ਜਿਸਮ ਦੇ ਰੌਂਗਟੇ ਖੜ੍ਹੇ ਹੋ ਰਹੇ ਸੀ।ਵਿਕਰਮ ਨੇ ਬੁੱਲ੍ਹ ਉਹਦੀ ਧੌਣ 'ਤੇ ਰੱਖੇ — ਓਸੇ ਥਾਂ ਜਿੱਥੇ ਨਬਜ਼ ਧੜਕਦੀ ਹੋਈ ਲਹੂ ਨੂੰ ਦਿਮਾਗ ਵੱਲ ਲੈਕੇ ਜਾਂਦੀ ਹੈ। ਹੌਲੀ-ਹੌਲੀ ਉਸਨੇ ਚੁੰਮਿਆ, ਮਲਿਆ, ਤੇ ਥੋੜ੍ਹਾ ਜੀਭ ਨਾਲ ਦਬਾਇਆ ਵੀ।। ਅਮਨ ਕਰਾਹੁਣ ਲੱਗੀ ਪਰ ਨਾਲ ਹੀ ਕੋਸ਼ਿਸ਼ ਕਰ ਰਹੀ ਸੀ ਸਿਸਕੀਆਂ ਬੁੱਲ੍ਹਾਂ ਵਿੱਚੋ ਬਾਹਰ ਨਾ ਜਾਣ— ਹੌਲੀ, ਹੌਲੀ ਇੱਕ ਬੱਚੇ ਵਾਂਗ, ਜਿਵੇਂ ਉਸਨੂੰ ਸ਼ਰਮ ਆ ਰਹੀ ਹੋਵੇ।

"ਸ਼ਰਮ ਨਾ ਕਰ, ਅਵਾਜ਼ ਕੱਢ," ਵਿਕਰਮ ਬੋਲਿਆ। "ਮੈਨੂੰ ਸੁਣਨ ਦੇ, ਮੈਂ ਸੁਣਨਾ ਚਾਹੁੰਦਾ ਕਿ ਮੇਰੇ ਨਾਲ ਇਹ ਸਭ ਕਰਕੇ ਤੈਨੂੰ ਕਿਵੇਂ ਲੱਗ ਰਿਹੈ।"

ਉਸ ਨੇ ਉਸਦੀ ਪਿੱਠ ਵੱਲ ਹੱਥ ਲਜਾਕੇ ਬਰਾ ਦੇ ਖੋਲ੍ਹ ਦਿੱਤੇ — ਇਕੋ ਹੱਥ ਨਾਲ, ਤਿੰਨ ਸਕਿੰਟ 'ਚ।

ਉਸਨੇ ਸਿਰਹਾਣੇ 'ਤੇ ਰੋਜ਼ ਇਸਦਾਅਭਿਆਸ ਕੀਤਾ ਸੀ। ਉਸਨੂੰ ਪਤਾ ਸੀ ਕਿ ਇਥੇ ਸਮਾਂ ਗੁਆ ਦੇਣ ਕਰਕੇ ਬਹੁਤ ਵਾਰ ਕਾਰਜ਼ ਅਧੂਰੇ ਰਹਿ ਸਕਦੇ ਹਨ।

ਸਟਰੈਪ ਮੋਢਿਆਂ ਤੋਂ ਤਿਲਕੇ, ਤੇ ਅਮਨ ਦਾ ਨਗਨ ਸੀਨਾ ਉਸਦੇ ਸਾਹਮਣੇ ਸੀ। ਛੋਟੀਆਂ, ਪੂਰਨ ਗੋਲ, ਸ਼ਹਿਦ ਰੰਗੀ ਚਮੜੀ 'ਤੇ ਹਲਕੀਆਂ ਨੀਲੀਆਂ ਨਸਾਂ ਦੇ ਉਭਾਰ। ਵਿਕਰਮ ਨੇ ਉਨ੍ਹਾਂ ਵੱਲ ਦੇਖਿਆ, ਫਿਰ ਅਮਨ ਦੀਆਂ ਅੱਖਾਂ 'ਚ ਦੇਖਿਆ।

"ਤੂੰ ਖ਼ੂਬਸੂਰਤ ਐਂ।"

ਤੇ ਫਿਰ ਜੀਭ ਨਾਲ ਉਹਨਾਂ ਨੂੰ ਛੋਹਿਆ ਤੇ ਹਲਕਾ ਹਲਕਾ ਜਿਵੇਂ ਕੋਈ ਡਰਦਾ ਹੋਇਆ ਕਿਸੇ ਗਰਮ ਚੀਜ਼ ਨੂੰ ਛੂਹ ਰਿਹਾ ਹੋਵੇ ਤੇ ਹਲਕੀ ਛੂਹ ਮਹਿਸੂਸ ਕਰਕੇ ਹੀ ਅਮਨ ਜਿਵੇਂ ਕੰਬ ਉੱਠਦੀ ਤੇ ਉਹਦੇ ਅੰਦਰ ਪੂਰੀ ਤਰ੍ਹਾਂ ਉਹਨਾਂ ਉੱਤੇ ਚੁੰਮਣ ਦੀ ਖ਼ਵਾਹਿਸ਼ ਮਚਲਣ ਲੱਗੀ ਸੀ।

ਉਸ ਨੂੰ ਵੀ ਵਿਕਰਮ ਨੇ ਪੂਰਾ ਕੀਤਾ ਤੇ ਉਸਦੇ ਹੁਸੀਨ ਅੰਗਾਂ ਨੂੰ ਇੰਝ ਬੁੱਲ੍ਹਾਂ ਚ ਭਰ ਕੇ ਚੂਸਿਆ ਕੇ ਅਮਨ ਇਹ ਵੀ ਭੁੱਲ ਚੁੱਕੀ ਸੀ ਕਿ ਉਹ ਮੂੰਹ ਹਨੇਰੇ ਚ ਖੁੱਲ੍ਹੇ ਅਸਮਾਨ ਥੱਲੇ ਇਹ ਸਭ ਕਰ ਰਹੇ ਸੀ।

ਅਮਨ ਦੇ ਹੱਥਾਂ ਨੇ ਵਿਕਰਮ ਦੀ ਕਮੀਜ਼ ਨੂੰ ਖੋਲਣਾ ਸ਼ੁਰੂ ਕੀਤਾ। — ਬਟਨ ਦਰ ਬਟਨ, ਕੋਈ ਕਾਹਲ ਨਹੀਂ। ਫਿਰ ਉਸਦੀ ਬੈੱਲਟ ਖੋਲ੍ਹੀ, ਜੀਨਜ਼ ਵੀ ਅੱਧੀ ਉਤਾਰੀ।

"ਮੈਨੂੰ ਡਰ ਲੱਗ ਰਿਹਾ ਹੈ " ਅਮਨ ਫੁਸਫੁਸਾਈ। ਜਦੋਂ ਵਿਕਰਮ ਉਸਦੇ ਚੂੜੀਦਾਰ ਪਜ਼ਾਮੀ ਨੂੰ ਥੱਲੇ ਖਿਸਕਾ ਰਿਹਾ ਸੀ।

"ਡਰ ਨਾ। ਮੈਂ ਐਥੇ ਆਂ।" ਵਿਕਰਮ ਨੇ ਉਸਦਾ ਪੱਟਾਂ ਵਿਚਾਲੇ ਆਪਣੀਆਂ ਉਂਗਲਾਂ ਨੂੰ ਫੇਰਦੇ ਹੋਏ ਕਿਹਾ ਤੇ ਉਂਗਲਾਂ ਓਥੇ ਹੀ ਘੁੱਟੀਆਂ ਗਈਆਂ। ਵਿਕਰਮ ਨੇ ਮੁੜ ਤੋਂ ਉਸਨੂੰ ਮੁੜ ਤੋਂ ਉਸਦੀ ਗਰਦਨ ਕੋਲੋਂ ਚੁੰਮਿਆ ਤੇ ਉਸ ਨੂੰ ਪੁੱਛਿਆ," ਤੈਨੂੰ ਮੇਰੇ ਤੇ ਵਿਸ਼ਵਾਸ਼ ਹੈ? "

ਅਮਨ ਨੇ ਬਿਨਾਂ ਕੋਈ ਉੱਤਰ ਦਿੱਤੇ ਆਪਣੇ ਪੱਟਾਂ ਨੂੰ ਪੂਰੀ ਤਰ੍ਹਾਂ ਖੋਲ੍ਹ ਦਿੱਤਾ। ਵਿਕਰਮ ਨੇ ਉਸਨੂੰ ਮੋਢਿਆਂ ਤੋਂ ਫੜ੍ਹ ਕੇ ਗੋਡਿਆਂ ਭਾਰ ਹੋਣ ਲਈ ਇਸ਼ਾਰਾ ਕੀਤਾ। ਅਮਨ ਉਸਦੀ ਇਸ਼ਾਰੇ ਨੂੰ ਸਮਝਦੀ ਹੋਈ ਤੁਰੰਤ ਉਸ ਪੁਜੀਸ਼ਨ ਚ ਆ ਗਈ।

ਸੂਰਜ ਪੂਰੀ ਤਰ੍ਹਾਂ ਛਿਪ ਚੁੱਕਾ ਸੀ, ਹਨੇਰੇ ਵਿੱਚ ਉਹਨਾਂ ਦੀਆਂ ਅੱਖਾਂ ਦੇਖਣ ਯੋਗ ਹੋ ਗਈਆਂ ਸੀ, ਝੀਲ ਵਿੱਚੋਂ ਦੂਰੋਂ ਜਗਦੀਆਂ ਬੱਤੀਆਂ ਦੀ ਰੌਸ਼ਨੀ ਵਿੱਚ ਉਹਨੂੰ ਸਾਹਮਣੇ ਝੁਕੀ ਹੋਈ ਅਮਨ ਦਾ ਸਫ਼ੇਦ ਜਿਸਮ ਚਮਕ ਰਿਹਾ ਸੀ।

ਉਸਨੇ ਬੇਹੱਦ ਨਾਜੁਕ ਹੱਥਾਂ ਨਾਲ ਆਖ਼ਿਰੀ ਰੁਕਾਵਟ ਨੂੰ ਦੂਰ ਕੀਤਾ ਤੇ ਬੇਹੱਦ ਹੌਲੀ ਜਿਹੇ ਆਪਣੀਆਂ ਉਂਗਲਾਂ ਨਾਲ ਅਮਨ ਦੀ ਤੜਪ ਨੂੰ ਤੇ ਤਿਆਰੀ ਨੂੰ ਮਹਿਸੂਸ ਕੀਤਾ, ਫਿਰ ਖੜ੍ਹੇ ਹੋਕੇ ਸਿਰਫ ਉਸਨੇ ਖੁਦ ਨੂੰ ਅਮਨ ਦੇ ਕਿਸਮ ਨਾਲ ਛੂਹਾਇਆ ਤੇ ਉਸਤੋਂ ਬਾਅਦ ਖੁਦ ਨੂੰ ਕੋਸੇ ਪਾਣੀ ਦੀ ਝੀਲ ਚ ਡੁੱਬਦੇ ਹੋਏ ਮਹਿਸੂਸ ਕੀਤਾ ਨਾਲ ਹੀ ਉਹਦੇ ਕੰਨੀ ਅਮਨ ਦੀ ਸਿਸਕੀ ਪਈ ਤੇ ਉਹਦੇ ਜਿਸਮ ਦੀ ਕੋਸ਼ਿਸ਼ ਜਿਹੜੀ ਕੇ ਉਸਨੂੰ ਅੰਦਰ ਹੀ ਜਕੜ ਲੈਣਾ ਚਾਹੁੰਦੀ ਸੀ।

ਅਮਨ ਦੀ ਝਿਝਕ ਹੁਣ ਖਤਮ ਹੋ ਚੁੱਕੀ ਸੀ। ਫਿਰ ਉਹਨੇ ਵਿਕਰਮ ਨੂੰ ਰਫਤਾਰ ਵਧਾਉਣ ਦਾ ਇਸ਼ਾਰਾ ਕੀਤਾ, ਵਿਕਰਮ ਜਿਵੇਂ ਕੋਈ ਸੰਗੀਤਕ ਤਾਲ ਚੇਤੇ ਕਰ ਰਿਹਾ ਹੋਵੇ, ਪਹਿਲਾਂ ਧਿਮ ਫਿਰ ਤੇਜ਼, ਫਿਰ ਬੇਕਾਬੂ, ਫਿਰ ਰੁਕਦਾ, ਫਿਰ ਚਾਲੂ। ਝੀਲ ਦਾ ਪਾਣੀ ਕੰਢਿਆਂ 'ਤੇ ਨੂੰ ਖਹਿ ਰਿਹਾ ਸੀ। ਅਸਮਾਨ ਤਾਰਿਆ ਨਾਲ ਭਰ ਗਿਆ ਸੀ। ਇੱਕ ਇੱਕ ਕਰਕੇ ਜੋੜੇ ਓਥੇ ਨਿੱਕਲ ਰਹੇ ਸੀ ਬਿਨ੍ਹਾਂ ਕਿਸੇ ਹੋਰ ਜੋੜੇ ਵੱਲ ਤੱਕੇ। ਦੂਰੋਂ ਗਾਰਡਾਂ ਦੀਆਂ ਸੀਟੀਆਂ ਵੱਜ ਰਹੀਆਂ ਸਨ।

"ਪਲੀਜ਼, ਰੁਕੀ ਨਾ।" ਅਮਨ ਨੇ ਕਿਹਾ

ਵਿਕਰਮ ਨੇ ਉਹਦੇ ਗੋਡਿਆਂ ਨੂੰ ਫੜ੍ਹ ਕੇ ਹੋਰ ਚੌੜਾ ਕਰ ਲਿਆ ।ਉਹ ਪੂਰੀ ਫੈਲ ਚੁੱਕੀ ਸੀ — ਦੁਪੱਟਾ ਪੈਰਾਂ ਨਾਲ ਖਿਸਕ ਪੱਥਰ ਤੋਂ ਦੂਰ ਚਲਾ ਗਿਆ ਸੀ। ਉਹ ਜੰਗਲੀ ਇੱਕ ਸੱਭਿਅਕ ਵਿਦਿਆਰਥਣ ਦੇ ਉਲਟ ਪੂਰਨ ਰੂਪ ਚ ਮਦਹੋਸ਼ ਔਰਤ ਚ ਬਦਲ ਚੁੱਕੀ ਸੀ। ਜਿਹੜੀ ਵਿਕਰਮ ਨੂੰ ਹਰ ਬੀਤਦੇ ਪਲ ਨਾਲ ਉਸ ਤੇ ਤਰਸ ਨਾ ਕਰਨ ਲਈ ਉਕਸਾ ਰਹੀ ਸੀ। ਜਦੋਂ ਉਹ ਦੋਵੇਂ ਆਖ਼ਿਰੀ ਪਲਾਂ ਚ ਇੱਕ ਮਿੱਕ ਹੋਏ ਤਾਂ ਉਸਦੇ ਉੱਪਰ ਲੇਟੇ ਹੋਏ ਸਿਰਫ ਸਾਹਾਂ ਦੀ ਆਵਾਜ਼ ਤੋਂ ਬਿਨ੍ਹਾਂ ਕੁੱਝ ਵੀ ਨਾ ਸੁਣਾਈ ਦੇ ਰਿਹਾ ਸੀ।

ਉਸਨੇ ਸਿੱਧੀ ਹੋਕੇ ਵਿਕਰਮ ਨੂੰ ਇੰਝ ਘੁੱਟਿਆ ਜਿਵੇਂ ਉਸਨੇ ਝੀਲ ਵਿੱਚੋਂ ਡੁੱਬਦੀ ਨੂੰ ਬਚਾਇਆ ਹੋਵੇ ਤੇ ਉਹ ਉਸਦਾ ਰਹਿਬਰ ਹੋਏ ਜਿਸਨੂੰ ਉਹ ਹੁਣ ਕਦੇ ਵੀ ਖੁਦ ਤੋਂ ਵੱਖ ਨਹੀਂ ਸੀ ਹੋਣ ਦੇਣਾ ਚਾਹੁੰਦੀ।

ਓਥੋਂ ਨਿਕਲਦੇ ਹੋਏ ਉਹਨਾਂ ਦੇ ਸਰੀਰ ਪਹਿਲਾਂ ਵਰਗੇ ਨਹੀਂ ਸੀ , ਕੱਪੜੇ ਪਹਿਲਾਂ ਵਰਗੇ ਨਹੀਂ ਸੀ, ਜਜ਼ਬਾਤ ਪਹਿਲਾਂ ਵਰਗੇ ਨਹੀਂ ਸੀ। ਅਮਨ ਲਈ ਉਹ ਪਲ ਐਨੇ ਖ਼ਾਸ ਹੋ ਗਏ ਸੀ ਕਿ ਹੁਣ ਉਸ ਲਈ ਵਿਕਰਮ ਤੋਂ ਸਿਵਾਏ ਹੋਰ ਕੁਝ ਵੀ ਨਹੀਂ ਸੀ।

ਰਾਹ ਚ ਉਹ ਇਕ ਥਾਵੇਂ ਖਾਣ ਲਈ ਰੁਕੇ, ਅਮਨ ਉਹਦੇ ਨਾਲ ਹੀ ਚਿਪਕ ਕੇ ਮੋਢੇ ਤੇ ਸਿਰ ਰੱਖ ਕੇ ਬੈਠੀ। ਅਮਨ ਨੇ ਕੰਨ ਉਹਦੀ ਛਾਤੀ 'ਤੇ ਟਿਕਾ ਲਿਆ — ਧੜਕਣ ਸੁਣਨ, ਜਾਂ ਸ਼ਾਇਦ ਝੂਠ ਮਿਣਨ। ਫਿਰ ਉਂਗਲਾਂ ਉਹਦੇ ਵਾਲਾਂ 'ਚ ਫੇਰਨ ਲੱਗੀ।

"ਤੂੰ ਸੱਚੀਂ ਮੇਰੇ ਨਾਲ ਪਿਆਰ ਕਰਦੈਂ?" ਅਮਨ ਨੇ ਪੁੱਛਿਆ।

ਵਿਕਰਮ ਨੇ ਉਸ ਵੱਲ ਦੇਖਿਆ। ਸੋਚਣ ਲੱਗਾ — ਕਿਵੇਂ ਇੱਕ ਛੋਟਾ ਝੂਠ ਵੱਡੀ ਸੱਚਾਈ ਬਣ ਸਕਦੈ। ਉਸਨੇ ਜਵਾਬ 'ਚ ਕਿਹਾ, "ਮੈਂ ਇਹ ਸ਼ਬਦ ਬੜਾ ਘੱਟ ਬੋਲਦਾਂ। ਜਦੋਂ ਬੋਲੂੰਗਾ, ਤੈਨੂੰ ਖੁਦ ਪਤਾ ਲੱਗ ਜੂ।"

ਇਹ ਗੋਲ-ਮੋਲ ਜਵਾਬ ਹੀ ਸਭ ਤੋਂ ਵੱਡਾ ਜਵਾਬ ਸੀ। ਅਮਨ ਚੁੱਪ ਰਹੀ। ਬੈਠੀ ਰਹੀ। ਵਿਕਰਮ ਦੀਆਂ ਉਂਗਲਾਂ ਫੜ੍ਹ ਕੇ ਬੁੱਲ੍ਹਾਂ ਨਾਲ ਛੋਹਿਆ।

ਅਮਨ ਹੁਣ ਸੋਚ ਰਹੀ ਸੀ — ਇਹੀ ਪਿਆਰ ਐ।

ਪਰ ਵਿਕਰਮ ਕੁਝ ਹੋਰ ਸੋਚ ਰਿਹਾ ਸੀ ਬੇਹੱਦ ਗਹਿਰਾ ਤੇ ਜ਼ਰੂਰੀ ਜਿਹੜਾ ਉਸਦਾ ਅਗਲਾ ਮੁਕਾਮ ਸੀ।

ਵਿਕਰਮ ਉਸ ਰਾਤ ਆਪਣੇ ਕਮਰੇ ਵਿੱਚ ਵਾਪਿਸ ਮੁੜਿਆ ਤਾਂ ਉਸ ਨੇ ਲਾਈਟ ਨਾ ਜਲਾਈ। ਝੀਲ ਦਾ ਪਾਣੀ ਅਜੇ ਵੀ ਉਸ ਦੇ ਹੱਥਾਂ 'ਚ ਜੰਮਿਆ ਸੀ ਉਹ ਫ਼ਰਕ ਨਹੀਂ ਸੀ ਕਰ ਪਾ ਰਿਹਾ ਸੀ ਇਸਦਾ ਨਮਕੀਨ ਸੁਆਦ ਅਮਨ ਦੇ ਸਰੀਰ ਵਿਚਲਾ ਹੈ ਜਾਂ ਝੀਲ ਦੇ ਪਾਣੀ ਦਾ।

ਅਮਨ ਦੇ ਸਰੀਰ ਦੀ ਉਹ ਗਰਮਾਹਟ ਜਿਹੜੀ ਹੁਣ ਠੰਡੀ ਪੈ ਰਹੀ ਸੀ, ਉਸਦੀਆਂ ਸਿਸਕੀਆਂ ਜਿਹੜੀਆਂ ਅਜੇ ਵੀ ਉਸ ਦੇ ਕੰਨਾਂ 'ਚ ਗੂੰਜ ਰਹੀਆਂ ਸਨ, ਉਸਦੇ ਵਾਲਾਂ ਦੀ ਖੁਸ਼ਬੂ ਜਿਹੜੀ ਹੁਣ ਉਸਦੀ ਕਮੀਜ਼ ਨਾਲ ਚਿਪਕੀ ਹੋਈ ਸੀ। ਉਹ ਆਪਣੀ ਚਮੜੀ 'ਤੇ ਉਸਦੇ ਛੋਹ ਦੇ ਨਿਸ਼ਾਨ ਮਹਿਸੂਸ ਕਰ ਸਕਦਾ ਸੀ। ਪਰ ਉਸ ਨੇ ਆਪਣੇ ਦਿਮਾਗ ਨੂੰ ਇੱਕ ਝਟਕਾ ਦਿੱਤਾ — ਐਂ ਜਿਵੇਂ ਕੋਈ ਨਸ਼ੇ ਵਿੱਚ ਡੁੱਬਾ ਬੰਦਾ ਪਾਣੀ ਵਿੱਚ ਮੂੰਹ ਪਾ ਕੇ ਜਗਾ ਦੇਵੇਂ

ਉਹ ਬੈਡ ਬੈਠ ਗਿਆ। ਲੈਂਪ ਜਗਾਇਆ ਤੇ ਆਪਣੇ ਸਿਰਹਾਣੇ ਹੇਠੋਂ ਉਹ ਪੁਰਾਣੀ, ਮੋਟੀ ਨੋਟਬੁੱਕ ਕੱਢੀ। ਉਹੀ ਡਾਇਰੀ, ਜਿਹੜੀ ਉਸ ਦੇ ਇਸ ਸਫ਼ਰ ਦੇ ਸ਼ੁਰੂਆਤ ਤੋਂ ਸ਼ੁਰੂ ਸੀ ਉਸ ਫਾਰਮਹਾਊਸ ਤੋਂ ਮੁੜਨ ਮਗਰੋਂ ....

ਜਿਸ ਦੇ ਕੁਝ ਪੰਨੇ ਉਹਦੇ ਹੰਝੂਆਂ ਨਾਲ ਨਮ ਹੋਕੇ ਸੁੰਗੜ ਗਏ ਸਨ, ਉਸ ਨੇ ਡਾਇਰੀ ਖੋਲ੍ਹੀ।

ਪੰਨੇ ਸਰਕਾਏ, ਜਿਵੇਂ ਉਹ ਉਸ ਨਾਲ ਕੁਝ ਕਹਿਣਾ ਚਾਹੁੰਦੇ ਹੋਣ। ਉਹ ਬਹੁਤ ਦੇਰ ਤੱਕ ਪਹਿਲੇ ਪੰਨੇ 'ਤੇ ਹੀ ਨਿਗ੍ਹਾ ਜਮਾਈ ਬੈਠਾ ਰਿਹਾ। ਫਿਰ ਹੌਲੀ-ਹੌਲੀ, ਇੱਕ-ਇੱਕ ਕਰਕੇ, ਉਸ ਨੇ ਪਿੰਡ ਵਿੱਚ ਲਿਖੇ ਆਪਣੇ ਉਹ ਨਿਯਮ ਫੇਰ ਪੜ੍ਹੇ ....

---

🖤 ਡਾਇਰੀ ਦੇ ਉਹ ਨਿਯਮ —

ਪਹਿਲਾ ਨਿਯਮ

"ਨਿਯਮ 1 : ਕਦੇ ਵੀ ਦਿਲ ਨਾ ਲਗਾਓ। ਪਿਆਰ ਦੀ ਭਾਵਨਾ ਉਹ ਦਲਦਲ ਹੈ ਜਿਸ ਵਿੱਚ ਪੈਰ ਧਸਦਿਆਂ ਹੀ ਕੱਢਣਾ ਔਖਾ ਹੋ ਜਾਂਦਾ ਹੈ। ਜਿਹੜਾ ਮੁਹੱਬਤ ਮਹਿਸੂਸ ਕਰਦਾ ਹੈ, ਉਹੀ ਸਭ ਤੋਂ ਪਹਿਲਾਂ ਧੋਖਾ ਖਾਂਦਾ ਹੈ।"

ਉਸ ਨੇ ਇਹ ਲਾਈਨ ਪੜ੍ਹੀ, ਤੇ ਸੁਖਨਾ ਝੀਲ ਦਾ ਉਹ ਦ੍ਰਿਸ਼ ਉਸ ਦੀਆਂ ਅੱਖਾਂ ਅੱਗੇ ਘੁੰਮ ਗਿਆ — ਅਮਨ ਦਾ ਚਿਹਰਾ, ਜੋ ਪਿਆਰ ਦੇ ਨਸ਼ੇ ਵਿੱਚ ਉਸ ਵੱਲ ਵੇਖ ਰਿਹਾ ਸੀ, ਜਿਵੇਂ ਉਹੀ ਉਸਦੀ ਪੂਰੀ ਦੁਨੀਆ ਹੋਵੇ, ਜਿਵੇਂ ਉਹ ਆਪਣੇ ਸਰੀਰ ਰਾਂਹੀ ਉਹਦੇ ਅੰਦਰ ਉੱਤਰਨ ਦੀ ਕੋਸ਼ਿਸ਼ ਕਰ ਰਹੀ ਹੋਵੇ। ਉਸ ਨੇ ਆਪਣੇ ਦੰਦ ਪੀਸ ਲਏ। ' ਦਿਲ ਨਹੀਂ ਲਾਉਣਾ ' — ਉਸ ਨੇ ਆਪਣੇ ਆਪ ਨੂੰ ਕਿਹਾ, ਤੇ ਨਿਗ੍ਹਾ ਥੱਲੇ ਘੁਮਾ ਲਈ।

ਦੂਸਰਾ ਨਿਯਮ

"ਨਿਯਮ 2 : ਹਮੇਸ਼ਾ ਪਹਿਲਾਂ ਛੱਡਣ ਵਾਲੇ ਬਣੋ। ਕਿਸੇ ਦੇ ਪਿੱਠ ਦਿਖਾਉਣ ਤੋਂ ਪਹਿਲਾਂ ਗਾਇਬ ਹੋ ਜਾਓ। ਜਿਹੜਾ ਪਿੱਛੇ ਰਹਿ ਜਾਂਦਾ ਹੈ ਉਹੀ ਹਾਕਾਂ ਮਾਰਦਾ ਹੈ। ਕਿਸੇ ਨੂੰ ਹਾਕਾਂ ਮਾਰਨ ਨਾਲ਼ੋਂ ਚੰਗਾ ਇਹ ਮੌਕਾ ਹੀ ਨਾ ਬਣਨ ਦਵੋ।

ਉਸ ਨੇ ਸੋਚਿਆ — ਅਮਨ ਨੇ ਅੱਜ ਕਿਹਾ ਸੀ, "ਮੈਂ ਤੇਰੇ ਬਿਨਾਂ ਨਹੀਂ ਰਹਿ ਸਕਦੀ।" ਇਸਤੋਂ ਪਹਿਲਾਂ ਵੀ ਉਸਨੇ ਕਈਆਂ ਨੂੰ ਕਿਹਾ ਹੋਏਗਾ, ਅੱਜ ਉਹ ਆਪਣੇ ਮਾਂ ਬਾਪ ਨੂੰ ਧੋਖਾ ਦੇ ਰਹੀ ਹੈ ਕੱਲ ਮੈਨੂੰ ਵੀ ਦੇ ਸਕਦੀ ਹੈ, ਛੱਡ ਸਕਦੀ ਹੈ ਤੇ ਕਹਿ ਸਕਦੀ ਹੈ ਮੈਂ ਜਾ ਰਹੀ ਹਾਂ, ਉਹਦੇ ਅੰਦਰ ਡਰ ਬੈਠ ਗਿਆ ਉਹ ਫਾਰਮ ਹਾਊਸ ਮੁੜ ਉਸਦੇ ਅੱਖਾਂ ਸਾਹਮਣੇ ਆ ਗਿਆ।

ਉਸ ਨੇ ਮਨ ਹੀ ਮਨ ਚ ਜਵਾਬ ਦਿੱਤਾ, 'ਮੈਂ ਚਲਾ ਜਾਵਾਂਗਾ — ਉਸ ਦੇ ਕਹਿਣ ਤੋਂ ਪਹਿਲਾਂ। ਉਸ ਦੇ ਹੰਝੂ ਡਿੱਗਣ ਤੋਂ ਪਹਿਲਾਂ। ਉਸ ਦੇ ਸਵਾਲ ਪੁੱਛਣ ਤੋਂ ਪਹਿਲਾਂ।'

ਤੀਜਾ ਨਿਯਮ

"ਨਿਯਮ 3: ਹਰ ਔਰਤ ਇੱਕ ਵੈਲੂਓ ਚਾਹੁੰਦੀ ਹੈ। ਉਸਦੀ ਨੇੜਤਾ ਵਿੱਚ ਰਹਿ ਕੇ ਇਹ ਲੱਭੀ ਜਾ ਸਕਦੀ ਹੈ। ਉਸਦੀ ਭਟਕਦੀ ਹੋਈ ਨੂੰ ਠਹਿਰਾ ਕੇ , ਉਸ ਨੂੰ ਛੋਹ ਨਾਲ ਉਘੇੜਕੇ ਉਸ ਨੂੰ ਭਰੋਸੇ ਨਾਲ ਜਿੱਤ ਕੇ ਇਹਨੂੰ ਭਰੀ ਜਾ ਸਕਦੀ ਹੈ ਤੇ ਜਦ ਉਹ ਆਪਣੇ ਆਪ ਨੂੰ ਸੌਂਪ ਦੇਵੇ, ਤਦ ਉਸ ਕੋਲੋਂ ਇਸ ਮਿਹਨਤ ਦਾ ਵਿਆਜ ਵਸੂਲਕੇ ਅੱਗੇ ਵਧਿਆ ਜਾਣਾ ਚਾਹੀਦਾ ਹੈ।

ਵਿਕਰਮ ਨੇ ਆਪਣੀ ਜੇਬ ਟਟੋਲੀ। ਉੱਥੇ ਉਹ ਭੂਰਾ ਲਿਫ਼ਾਫ਼ਾ ਸੀ — ਜਿਹੜਾ ਅਜੇ ਖਾਲੀ ਸੀ। ਅਮਨ ਉਸਨੂੰ ਖੁਦ ਨੂੰ ਸੌਂਪ ਚੁੱਕੀ ਸੀ ਹੁਣ ਉਸਨੇ ਇਸ ਮਿਹਨਤ ਦੀ ਇੱਕ ਕੀਮਤ ਵਸੂਲ ਕਰਨੀ ਸੀ। ਅੱਜ ਦੀ ਰਾਤ ਉਹਨੇ ਇਹੀ ਸੋਚਣਾ ਸੀ ਕਿ ਇਹ ਕੀਮਤ ਕਿੰਨੀ ਹੋਵੇਗੀ ਤੇ ਕਿਸ ਰੂਪ ਵਿੱਚ ਹੋਵੇਗੀ।

ਤੇ ਫੇਰ ਆਖ਼ਰੀ, ਸਭ ਤੋਂ ਥੱਲੇ — ਉਹ ਨਿਯਮ ਜਿਹੜਾ ਉਸ ਨੇ ਆਪਣੇ ਦਿਮਾਗ ਵਿਚ ਭਰੇ ਉਸ ਸਭ ਤੋਂ ਨਫ਼ਰਤੀ ਚਿਹਰੇ ਨੂੰ ਯਾਦ ਕਰਕੇ ਲਿਖਿਆ ਸੀ।

"ਨਿਯਮ 4 : ਸ਼ੇਰ ਜੰਗਲ ਦਾ ਰਾਜਾ ਸਿਰਫ ਇਸ ਲਈ ਹੈ ਕਿਉਕਿ ਉਹ ਮੰਗਦਾ ਨਹੀਂ ਹੈ ਉਹ ਜੋ ਚਾਹੁੰਦਾ ਹੈ ਉਹ ਹਾਸਿਲ ਕਰਦਾ ਹੈ, ਉਹ ਆਪਣੀ ਐਨਰਜ਼ੀ ਫਾਲਤੂ ਚ ਨਹੀਂ ਕਰਦਾ ਸਗੋਂ ਹਰ ਸ਼ਿਕਾਰ ਤੋਂ ਪਹਿਲਾਂ ਪੂਰੀ ਤਿਆਰੀ ਕਰਦਾ ਹੈ, ਤੇ ਸਹੀ ਸਮੇਂ ਤੇ ਸਹੀ ਥਾਂ ਤੇ ਸ਼ਿਕਾਰ ਦੀ ਕਮਜ਼ੋਰੀ ਨੂੰ ਆਪਣੀ ਤਾਕਤ ਵਾਂਗ ਵਰਤਦਾ ਹੈ।

ਉਸ ਨੇ ਨੋਟਬੁੱਕ ਬੰਦ ਕਰ ਦਿੱਤੀ। ਉਸਦਾ ਹੱਥ ਡਾਇਰੀ 'ਤੇ ਕੁਝ ਚਿਰ ਟਿਕਿਆ ਰਿਹਾ, ਜਿਵੇਂ ਉਹ ਉਸ ਨੂੰ ਛੋਹ ਨਾਲ ਯਾਦ ਕਰ ਰਿਹਾ ਹੋਵੇ। ਫਿਰ ਉਸ ਨੇ ਉਹ ਸਿਰਹਾਣੇ ਹੇਠ ਪਰਤਾ ਦਿੱਤੀ। ਉਸ ਨੇ ਆਪਣਾ ਸਿਰ ਕੰਧ ਨਾਲ ਟਿਕਾ ਲਿਆ। ਅਮਨ ਕਿਤੇ ਉਸ ਦੇ ਸੁਪਨਿਆਂ ਵਿੱਚ ਉਸਦਾ ਨਾਂ ਲੈ ਰਹੀ ਸੀ ਧੀਮੀ, ਘੁਲਦੀ, ਲਗਭਗ ਇੱਕ ਸਿਸਕੀ ਵਾਂਗ। ਇਸ ਗੱਲੋਂ ਅਨਜਾਣ ਕਿ ਉਹ ਇੱਕ ਖਤਰਨਾਕ ਸ਼ਿਕਾਰੀ ਹੱਥੋ ਸ਼ਿਕਾਰ ਹੋ ਚੁੱਕੀ ਸੀ।

ਵਿਕਰਮ ਨੇ ਅੱਖਾਂ ਬੰਦ ਕਰ ਲਈਆਂ — ਤੇ ਆਪਣੀ ਕੀਮਤ ਮੁੱਕਰਰ ਕਰ ਲਈ।

ਅਗਲੀ ਸਵੇਰੇ ਦਸ ਵਜੇ ਸਨ। ਅੱਜ ਮੀਂਹ ਦਾ ਮੌਸਮ ਬਣ ਰਿਹਾ ਸੀ। ਬੱਦਲ ਅਜੇ ਵੀ ਅਸਮਾਨ ਵਿੱਚ ਟੰਗੇ ਸਨ, ਜਿਵੇਂ ਉਹ ਵੀ ਉਸਦੀ ਸਾਜ਼ਿਸ਼ ਵਿੱਚ ਸੰਗੀ ਹੋਣ। ਅਮਨ ਨੇ ਅੱਜ ਵਿਕਰਮ ਨੂੰ ਆਪਣੇ ਪੀਜ਼ੀ ਬੁਲਾ ਲਿਆ ਸੀ ਉਹ ਅੱਜ ਓਥੇ ਇੱਕਲੀ ਸੀ ਉਸਦੀਆਂ ਰੂਮਮੇਟ ਅੱਜ ਘਰ ਚਲੇ ਗਈ ਸੀ।

ਵਿਕਰਮ ਨੇ ਆਪਣੀਆਂ ਅੱਖਾਂ ਸੁੱਜੀਆਂ ਦਿਖਾਉਣ ਲਈ ਪੂਰੀ ਰਾਤ ਨਾ ਸੁੱਤਾ, ਤੇ ਸਵੇਰੇ ਉੱਠ ਕੇ ਮੂੰਹ 'ਤੇ ਠੰਢੇ ਪਾਣੀ ਦੇ ਛਿੱਟੇ ਮਾਰੇ ਸਨ, ਤਾਂ ਜੋ ਲਾਲੀ ਹੋਰ ਡੂੰਘੀ ਦਿਸੇ।

ਹਰਜੋਤ ਦੀ ਕਲਮ



# ਸੀ.ਜੇ.ਐਮ ਕਿਰਨ ਜੋਤੀ ਵੱਲੋਂ ਸਬ ਜੇਲ੍ਹ ਪੱਟੀ ਦਾ ਅਚਨਚੇਤ ਦੌਰਾ




-ਸਬ ਜੇਲ੍ਹ ਪੱਟੀ ਦਾ ਦੌਰਾ ਕਰਦੇ ਹੋਏ ਚੀਫ ਜੁਡੀਸ਼ੀਅਲ ਮੈਜੀਸਟ੍ਰੇਟ-ਕਮ-ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਤਰਨ ਤਾਰਨ ਮਿਸ ਕਿਰਨ ਜੋਤੀ। |

ਤਰਨ ਤਾਰਨ, 5 ਮਈ : ਚੀਫ ਜੁਡੀਸ਼ੀਅਲ ਮੈਜੀਸਟ੍ਰੇਟ-ਕਮ-ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਤਰਨ ਤਾਰਨ ਮਿਸ ਕਿਰਨ ਜੋਤੀ ਵੱਲੋਂ ਅੱਜ ਸਬ ਜੇਲ੍ਹ ਪੱਟੀ ਦਾ ਅਚਨਚੇਤ ਦੌਰਾ ਕੀਤਾ ਗਿਆ। ਇਸ ਮੌਕੇ ਸੁਪਰਡੰਟ, ਸਬ ਜੇਲ੍ਹ ਪੱਟੀ ਇੰਦਰਪ੍ਰੀਤ ਸਿੰਘ ਅਤੇ ਉੱਥੋਂ ਦਾ ਸਟਾਫ਼ ਮੌਜੂਦ ਸੀ। ਚੀਫ ਜੁਡੀਸ਼ੀਅਲ ਮੈਜੀਸਟ੍ਰੇਟ ਨੇ ਇਸ ਮੌਕੇ ਹਵਾਲਾਤੀਆਂ ਅਤੇ ਕੈਦੀਆਂ ਦੀਆਂ ਮੁਸ਼ਕਲਾਂ ਸੁਣੀਆਂ ਅਤੇ ਮੌਕੇ 'ਤੇ ਹੀ ਜੇਲ੍ਹ ਸੁਪਰਡੰਟ ਨੂੰ ਉਨ੍ਹਾਂ ਦਾ ਹੱਲ ਕਰਨ ਦੇ ਦਿਸ਼ਾ-ਨਿਰਦੇਸ਼ ਦਿੱਤੇ। ਉਨ੍ਹਾਂ ਜੇਲ੍ਹ ਵਿੱਚ ਹਵਾਲਾਤੀਆਂ ਅਤੇ ਕੈਦੀਆਂ ਦੀਆਂ ਬੈਰਕਾਂ ਵਿੱਚ ਜਾ ਕੇ ਉਨ੍ਹਾਂ ਦੇ ਰਹਿਣ-ਸਹਿਣ ਅਤੇ ਸਾਫ-ਸਫਾਈ ਦੀ ਜਾਂਚ ਕੀਤੀ ਅਤੇ ਜੇਲ੍ਹ ਦੀ ਮੈੱਸ (ਰਸੋਈ) ਵੀ ਚੈੱਕ ਕੀਤੀ ਅਤੇ ਉੱਥੋਂ ਦੀ ਸਾਫ-ਸਫਾਈ ਦਾ ਵੀ ਨਿਰੀਖਣ ਕੀਤਾ।ਸੀ.ਜੇ.ਐਮ ਨੇ ਜੇਲ੍ਹ ਸੁਪਰਡੰਟ ਨੂੰ ਨਿਰਦੇਸ਼ ਦਿੱਤੇ ਕਿ ਹਵਾਲਾਤੀਆਂ ਅਤੇ ਕੈਦੀਆਂ ਦੀ ਨਿਯਮਿਤ ਮੈਡੀਕਲ ਜਾਂਚ ਹੁੰਦੀ ਰਹੇ। ਉਨ੍ਹਾਂ ਵੱਲੋਂ ਮੌਜੂਦ ਹਵਾਲਾਤੀਆਂ ਅਤੇ ਕੈਦੀਆਂ ਨੂੰ ਉਨ੍ਹਾਂ ਦੇ ਕਾਨੂੰਨੀ ਹੱਕਾਂ ਬਾਰੇ ਜਾਣਕਾਰੀ ਦਿੱਤੀ ਅਤੇ ਇਹ ਵੀ ਦੱਸਿਆ ਕਿ ਉਹ ਆਪਣੀ ਅਪੀਲ ਕਦੋਂ ਅਤੇ ਕਿਸ ਪੀਰੀਅਡ ਦੇ ਦੌਰਾਨ ਲਗਾ ਸਕਦੇ ਹਨ। ਇਸ ਮੌਕੇ ਉਨ੍ਹਾਂ ਨੇ ਇਹ ਵੀ ਜਾਣਕਾਰੀ ਦਿੱਤੀ ਕਿ ਹਵਾਲਾਤੀਆਂ ਅਤੇ ਕੈਦੀਆਂ ਨੂੰ ਲੋਅਰ ਕੋਰਟ ਤੋਂ ਲੈ ਕੇ ਸੁਪਰੀਮ ਕੋਰਟ ਤੱਕ ਕਾਨੂੰਨੀ ਸਹਾਇਤਾ ਦਿੱਤੀ ਜਾਂਦੀ ਹੈ। ਇਸ ਮੌਕੇ ਉਨ੍ਹਾਂ ਹਵਾਲਾਤੀਆਂ ਅਤੇ ਕੈਦੀਆਂ ਦੇ ਕਾਨੂੰਨੀ ਸਹਾਇਤਾ ਲੈਣ ਵਾਸਤੇ ਫਾਰਮ ਵੀ ਭਰੇ ਅਤੇ ਆਪਣੇ ਸਟਾਫ ਨੂੰ ਨਿਰਦੇਸ਼ ਦਿੱਤੇ ਕਿ ਇਨ੍ਹਾਂ ਫਾਰਮਾਂ ਦਾ ਸਾਰਾ ਪ੍ਰੋਸੈਸ ਪੂਰਾ ਕਰਕੇ ਜਲਦੀ ਤੋਂ ਜਲਦੀ ਕਾਨੂੰਨੀ ਸਹਾਇਤਾ ਦਿੱਤੀ ਜਾਵੇ। ਇਸ ਮੌਕੇ ਉਨ੍ਹਾਂ ਕੈਦੀਆਂ ਅਤੇ ਹਵਾਲਾਤੀਆਂ ਨੂੰ ਇਹ ਸਲਾਹ ਦਿੱਤੀ ਕਿ ਉਹ ਸਮਾਜ ਵਿੱਚ ਰਹਿ ਕੇ ਆਮ ਇਨਸਾਨ ਵਾਂਗ ਆਪਣਾ ਜੀਵਨ ਨਿਰਬਾਹ ਕਰਨ ਅਤੇ ਦੁਬਾਰਾ ਕੋਈ ਵੀ ਗ਼ਲਤ ਕੰਮ ਕਰਕੇ ਜੇਲ੍ਹ ਵਿੱਚ ਨਾ ਆਉਣ।ਸੀ.ਜੇ.ਐਮ ਨੇ ਦੱਸਿਆ ਕਿ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਤਰਨ ਤਾਰਨ ਦੇ ਦਫ਼ਤਰ ਵਿਖੇ ਮਿਲਣ ਜਾਂ ਜਾਣਕਾਰੀ ਵਾਸਤੇ ਜ਼ਿਲ੍ਹਾ ਕਚਹਿਰੀ, ਤਰਨ ਤਾਰਨ ਵਿਖੇ ਦਫ਼ਤਰ ਦੇ ਸਮੇਂ ਵਿੱਚ ਆ ਕੇ ਮਿਲਿਆ ਜਾ ਸਕਦਾ ਹੈ ਅਤੇ ਵਧੇਰੇ ਜਾਣਕਾਰੀ ਵਾਸਤੇ ਟੋਲ ਫ੍ਰੀ ਨੰ. 15100 ਅਤੇ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਤਰਨ ਤਾਰਨ ਦੇ ਨੰਬਰ 01852-223291 ਤੋਂ ਜਾਣਕਾਰੀ ਲਈ ਜਾ ਸਕਦੀ ਹੈ।

# ਡਿਪਟੀ ਕਮਿਸ਼ਨਰ ਨੇ ਸੰਭਾਵੀ ਹੜ੍ਹਾਂ ਤੋਂ ਬਚਾਅ ਲਈ ਕੀਤੇ ਜਾ ਰਹੇ ਅਗੇਤੇ ਪ੍ਰਬੰਧਾਂ ਦਾ ਲਿਆ ਜਾਇਜ਼ਾ



## ਅਧਿਕਾਰੀਆਂ ਨੂੰ ਬਰਸਾਤ ਤੋਂ ਪਹਿਲਾਂ-ਪਹਿਲਾਂ ਪੁਖ਼ਤਾ ਪ੍ਰਬੰਧ ਯਕੀਨੀ ਬਣਾਉਣ ਦੇ ਦਿੱਤੇ ਨਿਰਦੇਸ਼ |

ਤਰਨ ਤਾਰਨ, 5 ਮਈ : ਡਿਪਟੀ ਕਮਿਸ਼ਨਰ ਤਰਨ ਤਾਰਨ ਸ੍ਰੀ ਰਾਹੁਲ ਨੇ ਆਉਣ ਵਾਲੇ ਮਾਨਸੂਨ ਸੀਜ਼ਨ ਦੇ ਮੱਦੇਨਜ਼ਰ ਸੰਭਾਵੀ ਹੜ੍ਹਾਂ ਵਰਗੀ ਕਿਸੇ ਵੀ ਸਥਿਤੀ ਨਾਲ ਨਜਿੱਠਣ ਲਈ ਜ਼ਿਲੇ ਵਿੱਚ ਕੀਤੇ ਜਾ ਰਹੇ ਅਗੇਤੇ ਪ੍ਰਬੰਧਾਂ ਦਾ ਜਾਇਜ਼ਾ ਲਿਆ। ਇਸ ਸਬੰਧੀ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਵੱਖ ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਕੀਤੀ ਵਿਸ਼ੇਸ਼ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਡਿਪਟੀ ਕਮਿਸ਼ਨਰ ਨੇ ਅਧਿਕਾਰੀਆਂ ਨੂੰ ਬਰਸਾਤ ਤੋਂ ਪਹਿਲਾਂ-ਪਹਿਲਾਂ ਪੁਖ਼ਤਾ ਪ੍ਰਬੰਧ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ ਤਾਂ ਜੋ ਮਾਨਸੂਨ ਦੌਰਾਨ ਜੇਕਰ ਕੋਈ ਸੰਕਟ ਵਰਗੀ ਸਥਿਤੀ ਪੈਦਾ ਹੁੰਦੀ ਹੈ ਤਾਂ ਉਸ ਨਾਲ ਸਹੀ ਢੰਗ ਨਾਲ ਨਜਿੱਠਿਆ ਜਾ ਸਕੇ। ਉਨ੍ਹਾਂ ਡਰੇਨੇਜ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਦਰਿਆ ਸਤਲੁਜ ਨਾਲ ਲੱਗਦੀਆਂ ਸੰਵੇਦਨਸ਼ੀਲ ਥਾਵਾਂ 'ਤੇ ਦਰਿਆ ਦੇ ਕੰਢਿਆਂ ਨੂੰ ਮਜ਼ਬੂਤ ਕੀਤਾ ਜਾਵੇ। ਉਨ੍ਹਾਂ ਧੁੱਸੀ ਬੰਨ੍ਹ ਤੇ ਐਡਵਾਂਸ ਬੰਨ੍ਹ ਨਾਲ ਲੱਗਦੇ ਇਲਾਕਿਆਂ ਵਿੱਚ ਹੜ੍ਹ ਰੋਕੂ ਕੰਮਾਂ ਨੂੰ ਬਰਸਾਤ ਤੋਂ ਪਹਿਲਾਂ ਮੁਕੰਮਲ ਕਰਨ ਦੇ ਆਦੇਸ਼ ਦਿੱਤੇ। ਉਨ੍ਹਾਂ ਦਰਿਆ ਦੇ ਨਾਲ ਲੱਗਦੇ ਧੁੱਸੀ ਬੰਨ੍ਹ ਅਤੇ ਦਰਿਆ ਨੂੰ ਆਉਂਦੇ ਰਾਹਾਂ ਦੀ ਸਾਫ਼- ਸਫ਼ਾਈ ਤੇ ਮਜਬੂਤੀਕਰਨ ਦੇ ਵੀ ਹੁਕਮ ਦਿੱਤੇ, ਤਾਂ ਜੋ ਹੰਗਾਮੀ ਹਾਲਾਤ ਵਿੱਚ ਮਸ਼ੀਨਰੀ ਆਦਿ ਨੂੰ ਦਰਿਆ ਤੱਕ ਲਿਆਉਣ ਵਿੱਚ ਕੋਈ ਦਿੱਕਤ ਨਾ ਆਵੇ। ਉਨ੍ਹਾਂ ਡਰੇਨਾਂ ਦੀ ਸਾਫ਼- ਸਫ਼ਾਈ, ਗਾਰ ਕੱਢਣ ਅਤੇ ਨਾਜ਼ੁਕ ਕੰਢਿਆਂ ਨੂੰ ਮਜਬੂਤ ਕਰਨ ਦੇ ਕੰਮ ਨੂੰ ਤਰਜੀਹ ਦੇ ਆਧਾਰ 'ਤੇ ਨੇਪਰੇ ਚਾੜ੍ਹਨ ਦੀਆਂ ਹਦਾਇਤਾਂ ਕੀਤੀਆਂ। ਹੜ੍ਹਾਂ ਵਰਗੀ ਕਿਸੇ ਵੀ ਸਥਿਤੀ ਨਾਲ ਨਜਿੱਠਣ ਦੀ ਪੰਜਾਬ ਸਰਕਾਰ ਦੀ ਵਚਨਬੱਧਤਾ ਦੁਹਰਾਉਂਦਿਆਂ ਸ੍ਰੀ ਰਾਹੁਲ ਨੇ ਪਹਿਲਾਂ ਤੋਂ ਪੁਖਤਾ ਪ੍ਰਬੰਧ ਮੁਕੰਮਲ ਕਰਨ 'ਤੇ ਜ਼ੋਰ ਦਿੱਤਾ। ਉਨ੍ਹਾਂ ਸਮੂਹ ਉੱਪ ਮੰਡਲ ਮੈਜਿਸਟਰੇਟਾਂ ਨੂੰ ਕਿਹਾ ਕਿ ਉਹ ਆਪਣੇ-ਆਪਣੇ ਅਧਿਕਾਰ ਖੇਤਰਾਂ ਵਿੱਚ ਚੱਲ ਰਹੇ ਹੜ੍ਹਾਂ ਤੋਂ ਬਚਾਅ ਸਬੰਧੀ ਕੰਮਾਂ ਦੀ ਨਿੱਜੀ ਤੌਰ 'ਤੇ ਨਿਗਰਾਨੀ ਯਕੀਨੀ ਬਣਾਉਣ। ਉਨ੍ਹਾਂ ਹੜ੍ਹਾਂ ਦੌਰਾਨ ਵਰਤੇ ਜਾਂਦੇ ਸਾਰੇ ਸਾਜ਼ੋ-ਸਾਮਾਨ ਦੇ ਪ੍ਰਬੰਧ ਅਗੇਤੇ ਤੌਰ 'ਤੇ ਯਕੀਨੀ ਬਣਾਉਣ ਦੀਆਂ ਹਦਾਇਤਾਂ ਵੀ ਕੀਤੀਆਂ।ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਸੁਰਿੰਦਰ ਸਿੰਘ, ਐੱਸ. ਡੀ. ਐੱਮ ਖਡੂਰ ਸਾਹਿਬ ਸੰਜੀਵ ਸ਼ਰਮਾ, ਐੱਸ. ਡੀ. ਐੱਮ ਪੱਟੀ ਅਮਨਦੀਪ, ਐੱਸ. ਡੀ. ਐੱਮ ਭਿੱਖੀਵਿੰਡ ਜਗਦੀਪ ਸਿੰਘ ਅਤੇ ਸਹਾਇਕ ਕਮਿਸ਼ਨਰ ਗੋਬਿਨਜੀਤ ਕੌਰ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।

# ਸ਼੍ਰੋਮਣੀ ਕਮੇਟੀ ਨੇ ਮਾਤਾ ਸੁੰਦਰੀ ਜੀ ਦੇ ਜਨਮ ਦਿਹਾੜੇ ਸਬੰਧੀ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ



**ਅੰਮ੍ਰਿਤਸਰ, 5 ਮਈ- |**

ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਮਹਿਲ ਮਾਤਾ ਸੁੰਦਰੀ ਜੀ ਦਾ ਜਨਮ ਦਿਹਾੜਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਦਰਬਾਰ ਸਾਹਿਬ ਨਾਲ ਸਬੰਧਤ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ ਗਿਆ। ਇਸ ਸਬੰਧੀ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਮਗਰੋਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਵਰਿੰਦਰ ਸਿੰਘ ਦੇ ਜਥੇ ਨੇ ਗੁਰਬਾਣੀ ਕੀਰਤਨ ਕੀਤਾ। ਅਰਦਾਸ ਭਾਈ ਗੁਰਚਰਨ ਸਿੰਘ ਨੇ ਕੀਤੀ ਅਤੇ ਸੰਗਤ ਨੂੰ ਪਾਵਨ ਹੁਕਮਨਾਮਾ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਰਾਜਦੀਪ ਸਿੰਘ ਨੇ ਸਰਵਣ ਕਰਵਾਇਆ। ਇਸ ਮੌਕੇ ਗਿਆਨੀ ਰਾਜਦੀਪ ਸਿੰਘ ਨੇ ਸੰਗਤਾਂ ਨੂੰ ਮਾਤਾ ਸੁੰਦਰੀ ਜੀ ਦੇ ਜਨਮ ਦਿਹਾੜੇ ਦੀ ਵਧਾਈ ਦਿੰਦਿਆਂ ਕਿਹਾ ਕਿ ਉਨ੍ਹਾਂ ਗੁਰੂ ਭਰੋਸੇ ਨਾਲ ਸਿੱਖੀ ਪ੍ਰਚਾਰ ਦੀ ਵੱਡੀ ਸੇਵਾ ਕੀਤੀ। ਉਨ੍ਹਾਂ ਸੰਗਤਾਂ ਨੂੰ ਮਾਤਾ ਜੀ ਦੇ ਜੀਵਨ ਇਤਿਹਾਸ ਤੋਂ ਸੇਧ ਲੈਣ ਦੀ ਪ੍ਰੇਰਨਾ ਵੀ ਕੀਤੀ।

ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਸਕੱਤਰ ਸ. ਬਲਵਿੰਦਰ ਸਿੰਘ ਕਾਹਲਵਾਂ, ਸ੍ਰੀ ਦਰਬਾਰ ਸਾਹਿਬ ਦੇ ਜਰਨਲ ਮੈਨੇਜਰ ਸ. ਮੇਜਰ ਸਿੰਘ, ਸੁਪ੍ਰਿੰਟੈਂਡੈਂਟ ਸ. ਨਿਸ਼ਾਨ ਸਿੰਘ, ਇੰਚਾਰਜ ਸ. ਪਰਜਿੰਦਰ ਸਿੰਘ, ਮੈਨੇਜਰ ਸ. ਨਰਿੰਦਰ ਸਿੰਘ, ਸ. ਜਸਪਾਲ ਸਿੰਘ ਢੱਡੇ, ਵਧੀਕ ਮੈਨੇਜਰ ਸ. ਇਕਬਾਲ ਸਿੰਘ ਮੁਖੀ, ਸ. ਗੁਰਤਿੰਦਰਪਾਲ ਸਿੰਘ ਕਾਦੀਆਂ, ਸ. ਜਸਬੀਰ ਸਿੰਘ ਸਮੇਤ ਸੰਗਤਾਂ ਹਾਜ਼ਰ ਸਨ।

**Cee7News ਵਿੱਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ**
**9463661542, cee7news@gmail.com**

# ਸਵੈ-ਗਣਨਾ ਪ੍ਰਕਿਰਿਆ 'ਚ ਵਧ-ਚੜ੍ਹ ਕੇ ਹਿੱਸਾ ਲੈਣ ਜ਼ਿਲ੍ਹਾ ਵਾਸੀ - ਡਿਪਟੀ ਕਮਿਸ਼ਨਰ



ਤਰਨ ਤਾਰਨ, 5 ਮਈ : ਡਿਪਟੀ ਕਮਿਸ਼ਨਰ-ਕਮ-ਪ੍ਰਿੰਸੀਪਲ ਸੈਂਸਜ਼ ਅਫ਼ਸਰ ਤਰਨ ਤਾਰਨ ਸ੍ਰੀ ਰਾਹੁਲ ਨੇ ਜਨਗਣਨਾ-2027 ਤਹਿਤ ਜ਼ਿਲ੍ਹੇ ਵਿਚ ਚੱਲ ਰਹੀ ਸਵੈ-ਗਣਨਾ ਪ੍ਰਕਿਰਿਆ ਵਿੱਚ ਜ਼ਿਲ੍ਹਾ ਵਾਸੀਆਂ ਨੂੰ ਵੱਧ-ਚੜ੍ਹ ਕੇ ਹਿੱਸਾ ਲੈਣ ਦੀ ਅਪੀਲ ਕੀਤੀ ਹੈ। ਉਨ੍ਹਾਂ ਦੱਸਿਆ ਕਿ ਆਨਲਾਈਨ ਸਵੈ-ਗਣਨਾ 'ਐਸ.ਈ ਪੋਰਟਲ' ਉੱਤੇ 14 ਮਈ ਤੱਕ ਕੀਤੀ ਜਾ ਸਕਦੀ ਹੈ। ਉਨ੍ਹਾਂ ਦੱਸਿਆ ਕਿ ਸਵੈ-ਗਣਨਾ ਇਕ ਅਜਿਹੀ ਸਹੂਲਤ ਹੈ, ਜਿਸ ਰਾਹੀਂ ਜ਼ਿਲ੍ਹਾ ਵਾਸੀ ਖੁਦ ਹੀ ਆਪਣੀ ਜਾਣਕਾਰੀ ਸਰਕਾਰੀ ਪੋਰਟਲ 'ਤੇ ਦਰਜ ਕਰ ਸਕਦੇ ਹਨ। ਉਨ੍ਹਾਂ ਕਿਹਾ ਕਿ ਇਸ ਦੇ ਲਈ ਨਾਗਰਿਕਾਂ ਨੂੰ ਸਰਕਾਰ ਦੇ ਅਧਿਕਾਰਤ ਜਨਗਣਨਾ ਪੋਰਟਲ (se.census.gov.in) 'ਤੇ ਜਾਣਾ ਹੋਵੇਗਾ। ਆਪਣੇ ਮੋਬਾਈਲ ਨੰਬਰ ਅਤੇ ਬੇਸਿਕ ਜਾਣਕਾਰੀ ਦੀ ਵਰਤੋਂ ਕਰਕੇ ਪੋਰਟਲ 'ਤੇ ਲਾਗਇਨ ਕਰਨਾ ਹੋਵੇਗਾ। ਇਸ ਤੋਂ ਬਾਅਦ ਪੋਰਟਲ 'ਤੇ ਮੰਗੇ ਗਏ ਵੇਰਵੇ ਦਰਜ ਕਰਨੇ ਹੋਣਗੇ। ਜਿਵੇਂ ਹੀ ਸਫ਼ਲਤਾਪੂਰਵਕ ਫਾਰਮ ਸਬਮਿਟ ਹੋਵੇਗਾ ਤਾਂ ਪੋਰਟਲ ਨਾਗਰਿਕ ਨੂੰ ਇਕ 'ਸੈਲਫ-ਐਨੂਮਰੇਸ਼ਨ ਆਈ.ਡੀ' (ਐਸ.ਈ.ਆਈ.ਡੀ) ਜਨਰੇਟ ਕਰਕੇ ਦੇਵੇਗਾ। ਜਦੋਂ ਜਨਗਣਨਾ ਮੁਲਾਜ਼ਮ ਘਰ ਆਵੇਗਾ ਤਾਂ ਨਾਗਰਿਕ ਨੂੰ ਸਿਰਫ਼ ਇਹ ਆਈ.ਡੀ ਦਿਖਾਉਣੀ ਹੋਵੇਗੀ। ਇਸ ਨਾਲ ਜਾਣਕਾਰੀ ਦੀ ਤਸਦੀਕ ਹੋ ਜਾਵੇਗੀ ਅਤੇ ਦੁਬਾਰਾ ਫਾਰਮ ਭਰਨ ਦੀ ਲੋੜ ਨਹੀਂ ਪਵੇਗੀ।ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜਨਗਣਨਾ ਵਿਭਾਗ ਵੱਲੋਂ ਪਹਿਲੀ ਵਾਰ ਆਪਣੀ ਜਨਗਣਨਾ ਆਪ ਕਰਨ ਦਾ ਇਹ ਵਿਕਲਪ ਰੱਖਿਆ ਗਿਆ ਹੈ, ਜਿਸ ਦਾ ਨਾਗਰਿਕਾਂ ਨੂੰ ਵੱਧ ਤੋਂ ਵੱਧ ਲਾਭ ਉਠਾਉਣਾ ਚਾਹੀਦਾ ਹੈ। ਉਨ੍ਹਾਂ ਦੱਸਿਆ ਕਿ ਜਨਗਣਨਾ ਵਿਭਾਗ ਦਾ ਪੋਰਟਲ 14 ਮਈ ਤੱਕ ਖੁੱਲ੍ਹਾ ਹੈ। ਉਨ੍ਹਾਂ ਦੱਸਿਆ ਕਿ ਇਸ ਤੋਂ ਬਾਅਦ ਗਿਣਤੀਕਾਰਾਂ ਵੱਲੋਂ 15 ਮਈ ਤੋਂ 13 ਜੂਨ ਤੱਕ ਫੀਲਡ ਸਰਵੇ ਸ਼ੁਰੂ ਕੀਤਾ ਜਾਵੇਗਾ, ਜਿਸ ਦੌਰਾਨ ਗਿਣਤੀਕਾਰ ਘਰ-ਘਰ ਜਾ ਕੇ ਡਾਟਾ ਇੰਦਰਾਜ ਕਰਨਗੇ। ਉਨ੍ਹਾਂ ਕਿਹਾ ਕਿ ਜਨਗਣਨਾ ਲਈ ਇਕੱਤਰ ਕੀਤੀ ਗਈ ਸੂਚਨਾ ਸਰਕਾਰ ਵੱਲੋਂ ਪੂਰੀ ਤਰ੍ਹਾਂ ਗੁਪਤ ਰੱਖੀ ਜਾਵੇਗੀ। ਉਨ੍ਹਾਂ ਕਿਹਾ ਕਿ ਜਨਗਣਨਾ ਦਾ ਕੰਮ ਅਤਿ ਮਹੱਤਵਪੂਰਨ ਹੈ ਅਤੇ ਇਹ ਸਰਕਾਰ ਵੱਲੋਂ ਨਵੀਆਂ ਵਿਕਾਸ ਯੋਜਨਾਵਾਂ ਉਲੀਕਣ ਵਿਚ ਸਹਾਇਕ ਹੋਵੇਗਾ। ਉਨ੍ਹਾਂ ਸਮੂਹ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਰਾਸ਼ਟਰੀ ਮਹੱਤਵ ਦੇ ਇਸ ਕਾਰਜ ਵਿਚ ਸਰਕਾਰ ਅਤੇ ਪ੍ਰਸ਼ਾਸਨ ਨੂੰ ਆਪਣਾ ਸਹਿਯੋਗ ਦੇਣ ਅਤੇ ਸਹੀ ਅਤੇ ਸਪੱਸ਼ਟ ਜਾਣਕਾਰੀ ਮੁਹੱਈਆ ਕਰਵਾਉਣ।



ਵਿਦਿਆ ਦਾ ਗੁਰੂਕੁਲ ਗਿਆਨ ਦਾ ਸਾਗਰ
ਸ਼ਿਪਸ ਇੰਸਟੀਚਿਊਟਸ, ਰਾਣੀਵਲਾਹ
ਤਰਨ ਤਾਰਨ

# SHIPS LONDON KIDS PLAY PEN SCHOOL

*What makes us Special?*

- Loving and Caring Environment
- Dedicated Teachers and Staff
- Individual Education Plans
- Smart Class Room
- Creative Corner
- Big Outdoor Play Area

Admission Open

There is no Better Secure, Safe and Fun Place to Leave your Kid than in this School

Transport Facility Available



ਗੁਲਵਿੰਦਰ ਸਿੰਘ ਸੰਧੂ
ਡਾਇਰੈਕਟਰ

ਨਿਰਭੈਅ ਸਿੰਘ
ਪ੍ਰਿੰਸੀਪਲ

School Time : 10-00 am to 12-00 p.m.

Village Raniwallah, Chohla Sahib, TARN TARAN.
Mob. : 98148-64435, 98148-64437



ਸ਼੍ਰੋਮਣੀ ਗੁਰਦੁਆਰਾ ਪ੍ਰਬੰਧ ਕਮੇਟੀ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਬੰਧ ਅਧੀਨ

# ਗੁਰੂ ਅਰਜਨ ਦੇਵ ਖਾਲਸਾ ਕਾਲਜ

ਚੋਹਲਾ ਸਾਹਿਬ, ਜ਼ਿਲ੍ਹਾ ਤਰਨ ਤਾਰਨ

ਸ੍ਰ. ਹਰਜਿੰਦਰ ਸਿੰਘ ਧਾਮੀ
ਪ੍ਰਧਾਨ, ਸ਼੍ਰੋ. ਗੁ. ਪ੍ਰਬੰਧਕ ਕਮੇਟੀ

ਜਥੇ. ਗੁਰਬਚਨ ਸਿੰਘ ਕਰਮੂੰਵਾਲਾ
ਮੈਂਬਰ ਸ਼੍ਰੋ. ਗੁ. ਪ੍ਰਬੰਧਕ ਕਮੇਟੀ

**Courses Offered**

Post Graduation : • M.Sc. (Comp. Sci.) • M.Com.
Graduation : • BCA • B.Sc.(IT) • B.Sc. (Comp. Sci.) • B.Sc. (Eco.) • B.Sc. (N.Med.) • BBA • B.Com. • B.A.
Diploma : • DCA • PGDCA • DST
ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਮਾਨਤਾ ਪ੍ਰਾਪਤ

**10+1 & 10+2**
Medical, Non-Medical, Commerce and Arts
ਪੰਜਾਬ ਸਕੂਲ ਸਿਖਿਆ ਬੋਰਡ ਤੋਂ ਮਾਨਤਾ ਪ੍ਰਾਪਤ

- Diploma in Artificial Intelligence
- Diploma in Cyber Security
- Certification Course in Digital Marketing
- Certification Course in Nanny Care

Affiliated to Jagat Guru Nanak Dev Punjab State Open University, Patiala

**ਵਿਸ਼ੇਸ਼ਤਾਵਾਂ**

- ਬਹੁਤ ਘੱਟ ਫ਼ੀਸਾਂ ਅਤੇ ਵੱਧ ਸਹੂਲਤਾਂ
- ਤਜ਼ਰਬੇਕਾਰ ਅਤੇ ਮਿਹਨਤੀ ਸਟਾਫ਼
- ਕੌਮਾਂਤਰੀ ਪੱਧਰ ਦੇ ਖੇਡ ਮੈਦਾਨ
- ਅਤਿ-ਅਧੁਨਿਕ ਕੰਪਿਊਟਰ, ਫਿਜ਼ਿਕਸ, ਕੈਮਿਸਟਰੀ ਅਤੇ ਬਾਇਓਲੋਜੀ ਲੈਬ
- ਅਨੁਸੂਚਿਤ ਜਾਤੀ ਘੱਟ ਗਿਣਤੀ ਵਿਦਿਆਰਥੀਆਂ ਲਈ ਵਜ਼ੀਫਾ
- ਵਿਦਿਆਰਥੀਆਂ ਲਈ ਬੱਸਾਂ ਦਾ ਵਿਸ਼ੇਸ਼ ਪ੍ਰਬੰਧ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਕੂਲਾਂ ਤੋਂ ਆਏ ਵਿਦਿਆਰਥੀਆਂ, ਸਕੇ ਭੈਣ-ਭਰਾ ਅਤੇ ਲੋੜਵੰਦ ਵਿਦਿਆਰਥੀਆਂ ਨੂੰ ਫੀਸਾਂ ਵਿਚ ਵਿਸ਼ੇਸ਼ ਰਿਆਇਤ

ਅੰਮ੍ਰਿਤਧਾਰੀ ਵਿਦਿਆਰਥੀਆਂ ਲਈ ਖ਼ਾਸ ਵਜ਼ੀਫਾ
10+1 ਅਤੇ 10+2 : 5000/- ਰੁਪਏ
ਗ੍ਰੈਜੂਏਸ਼ਨ ਕੋਰਸ : 8000/- ਰੁਪਏ
ਪੋਸਟ ਗ੍ਰੈਜੂਏਸ਼ਨ ਕੋਰਸ : 10000/- ਰੁਪਏ



# ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ

ਸਰਹਾਲੀ, ਜ਼ਿਲ੍ਹਾ : ਤਰਨ ਤਾਰਨ (ਪੰਜਾਬ) 143410
ਸਰਹਾਲੀ ESTD. 1970
Website : ggskcsarhali.ac.in E-mail : ggscollegesarhali@yahoo.co.in

For Free Registration : Scan QR Code using WhatsApp Camera

ਸ੍ਰੀ ਮਾਨ ਮਹਾਂਪੁਰਖ ਸੰਤ ਬਾਬਾ ਤਾਰਾ ਸਿੰਘ ਜੀ ਨੇ ਵਿੱਦਿਆ ਦਾ ਚਾਨਣ ਘਰ-ਘਰ ਪਹੁੰਚਾਉਣ ਲਈ ਇਸ ਕਾਲਜ ਦੀ ਸਥਾਪਨਾ 1970 ਵਿਚ ਇਲਾਕਾ ਨਿਵਾਸੀਆਂ ਦੇ ਸਹਿਯੋਗ ਨਾਲ ਕੀਤੀ ਸੀ। ਉਹਨਾਂ ਤੋਂ ਬਾਅਦ ਸ੍ਰੀ ਮਾਨ ਮਹਾਂਪੁਰਖ ਸੰਤ ਬਾਬਾ ਚਰਨ ਸਿੰਘ ਜੀ ਇਸ ਕਾਲਜ ਦੇ ਸਰਪ੍ਰਸਤ ਬਣੇ। ਮੌਜੂਦਾ ਸਰਪ੍ਰਸਤ ਸੰਤ ਬਾਬਾ ਸੁੱਖਾ ਸਿੰਘ ਜੀ ਦੀ ਰਹਿਨੁਮਾਈ ਹੇਠ ਕਾਲਜ ਵਿੱਚ ਪੋਸਟ-ਗ੍ਰੈਜੂਏਟ ਪੱਧਰ ਤੱਕ ਦੇ ਕੋਰਸ ਚੱਲ ਰਹੇ ਹਨ। ਇਹ ਕਾਲਜ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ, ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ ਪਟਿਆਲਾ ਅਤੇ ਪੰਜਾਬ ਸਕੂਲ ਸਿੱਖਿਆ ਬੋਰਡ, ਐਸ.ਏ.ਐਸ. ਨਗਰ, ਪੰਜਾਬ ਤੋਂ ਮਾਨਤਾ ਪ੍ਰਾਪਤ ਗ੍ਰਾਂਟ-ਇਨ-ਏਡ-ਸਕੀਮ ਅਧੀਨ ਪੰਜਾਬ ਸਰਕਾਰ ਅਤੇ ਯੂ.ਜੀ.ਸੀ (ਭਾਰਤ ਸਰਕਾਰ) ਤੋਂ ਸਹਾਇਤਾ ਪ੍ਰਾਪਤ ਕੋ-ਐਜੂਕੇਸ਼ਨਲ ਕਾਲਜ ਹੈ।

## ਸੈਸ਼ਨ 2025-26 ਲਈ ਰਜਿਸਟ੍ਰੇਸ਼ਨ ਅਤੇ ਦਾਖ਼ਲਾ ਸ਼ੁਰੂ

10+1, 10+2 (ਮੈਡੀਕਲ, ਨਾਨ ਮੈਡੀਕਲ, ਕਾਮਰਸ, ਆਰਟਸ)

| | | | |
|---|---|---|---|
| B.A. | B.C.A. | M.Com. | P.G.D.C.A. |
| B.Sc. (N.M.) | B.Com. | M.A. (Pbi.) | D.C.A. |
| B.Sc. (C.Sc.) | B.Sc. (Eco.) | M.Sc. (IT) | D.S.T. |

ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ ਪਟਿਆਲਾ ਨਾਲ ਸਬੰਧਿਤ ਕੋਰਸ

| | | | |
|---|---|---|---|
| B.C.A. | M.A. (Pbi.) | D.I.T. | D.F.D. |
| B.Com. | M.A. (Eng.) | M.Sc. (C.Sc.) | C.G.S.T. |
| B.B.A. | M.C.A. | M.B.A. | |

- Diploma in Care Giver (Old Age Care)
- Diploma in Nanny Care (Early Childhood Care)

**ਵਿਸ਼ੇਸ਼ ਸਹੂਲਤਾਂ**

- ਦਸਵੀਂ/ਬਾਰਵੀਂ ਚੋਂ 90% ਤੋਂ ਵਧੇਰੇ ਅੰਕ ਹਾਸਲ ਕਰਨ ਵਾਲੇ ਵਿਦਿਆਰਥੀ ਨੂੰ 25% ਤੱਕ ਫ਼ੀਸ ਵਿੱਚ ਛੋਟ ਦਿੱਤੀ ਜਾਵੇਗੀ।
- ਇੱਕੋ ਪਰਿਵਾਰ ਦੇ ਸਕੇ ਭੈਣ ਭਰਾ ਨੂੰ ਫ਼ੀਸ ਵਿਚ ਵਿਸ਼ੇਸ਼ ਰਿਆਇਤ।
- ਅਨੁਸੂਚਿਤ ਸ਼੍ਰੇਣੀ (S.C.) ਦੇ ਯੋਗ ਵਿਦਿਆਰਥੀਆਂ ਨੂੰ ਪੰਜਾਬ/ਭਾਰਤ ਸਰਕਾਰ ਦੇ ਨਿਯਮਾਂ ਅਨੁਸਾਰ ਵਜ਼ੀਫ਼ੇ ਦੀ ਸਹੂਲਤ।
- ਗ਼ੈਰ ਸਰਕਾਰੀ ਸੰਸਥਾਵਾਂ ਅਤੇ ਦਾਨੀ ਸੱਜਣਾਂ ਵੱਲੋਂ ਵਿਦਿਆਰਥੀਆਂ ਲਈ ਵਜ਼ੀਫ਼ੇ/ਆਰਥਿਕ ਸਹਾਇਤਾ ਦੀ ਸਹੂਲਤ।
- N.C.C., N.S.S., Gym, ਬੁੱਕਸ਼ਾਪ, ਕੈਫ਼ੇਟੇਰੀਆ ਅਤੇ ਖੇਡਾਂ ਦੀ ਵਿਸ਼ੇਸ਼ ਸਹੂਲਤ। ਉੱਚ ਯੋਗਤਾ ਪ੍ਰਾਪਤ, ਤਜ਼ਰਬੇਕਾਰ ਅਤੇ ਮੇਹਨਤੀ ਸਟਾਫ਼।

ਸ. ਹਰਜਿੰਦਰ ਸਿੰਘ (ਆਨਰੇਰੀ ਸਕੱਤਰ) (ਮੋ): 98781-70700
Helpline No. : 95011-03467, 98780-68015, 94179-36759, 81469-99004
ਡਾ. ਜਸਬੀਰ ਸਿੰਘ ਗਿੱਲ (ਪ੍ਰਿੰਸੀਪਲ) (ਮੋ): 95017-46500



# MSM CONVENT SCHOOL

DHUN ROAD, CHOHLA SAHIB, DISTT. TARN TARAN

Affiliated to CBSE New Delhi

ADMISSION OPEN

PLAYWAY TO XII

- Medical • Non-Medical
- Commerce • Arts Stream



*Age criteria as on 31st March

Playway : 2+ Years | Nursery : 3 to 4 Years
LKG : 4 to 5 Years | UKG : 5 to 6 Years

FREE ADMISSION IN PLAYWAY NURSERY & LKG for First 50 seats only

- Digital & Smart School • Parent's Orientation
- Emphasis on Creativity, Innovation, Public Speaking & Theatre
- Extensive Sports facilities like Cricket, Basketball, Kabaddi, Wrestling, Badminton, Football, Chess etc.
- FAP State Award for best sports facilities
- FAP National Award for budget-friendly School
- Holistic Development through Experiential Learning

50% Off IN ADMISSION CHARGES FOR ALL CLASSES for First 50 seats only

For Career opportunity : msmconventschool@gmail.com

Limited Seats Available
So Hurry Up! Call Now : 8288073538
msmconventschool@gmail.com
www.msmconventschool.com



ਵੈਬਸਾਇਟ ਬਣਵਾਉਣ ਲਈ ਸੰਪਰਕ ਕਰੋ
+91 99881 82740



# CALLSTEM SOFTWARE LLP

Unlock your business's true potential with our expertise. Join us today and watch your brand soar!

OUR SERVICES

- Web Design and Development
- Mobile Application Development
- Social Media Management & Marketring
- Graphics Designing
- Custom Software Solutions

Contact - 9463661542